 ਤਿੰਨ ਸੌ (੩੦੦) ਸਾਲਾ 

ਦਸਮੇਸ਼ ਪ੍ਰਕਾਸ਼ ਉਤਸਵ 

ਸਟੀਕ ਸ਼ਬਦ ਹਜ਼ਾਰੇ ਪਾ: ੧੦

ਗੁਰਦੁਆਰਾ
ਚਮਕੌਰ
ਸਾਹਿਬ

:- ਟੀਕਾਕਾਰ :-

ਬਚਿੱਤਰ ਸਿੰਘ ਗਿਆਨੀ, ਕੁਆਲਾ ਲੰਪੁਰ

ਪ੍ਰਕਾਸ਼ਕ :- ਕਾਰਜ ਸਾਧਕ ਕਮੇਟੀ

ਤਿੰਨ ਸੌ ਸਾਲਾ ਦਸਮੇਸ਼ ਪ੍ਰਕਾਸ਼ ਉਤਸਵ ਮਲੇਸ਼ੀਆ ਤੇ ਸਿੰਘਾਪੁਰ

੨੪ ਜਾਲਨ ਪਰਿੰਸ, ਕੁਆਲਾ ਲੰਪੁਰ

ਪਹਿਲੀ ਵੇਰ ੨੦੦੦



੩੦੦ ਸਾਲਾ ਦਸਮੇਸ਼ ਪ੍ਰਕਾਸ਼ ਉਤਸਵ, ਕਾਰਜ ਸਾਧਕ ਕਮੇਟੀ
ਮਲੇਸ਼ੀਆ ਤੇ ਸਿੰਘਾਪੁਰ, ਵਲੋਂ ਸ੍ਰੀ ਦਸਮੇਸ਼ ਜੀ ਦੀ
ਬਾਣੀ ਦਾ ਇਹ ਦੂਜਾ ਸਟੀਕ ਆਪ ਜੀ ਦੇ ਹੱਥਾਂ
ਵਿਚ ਹੈ, ਜਿਹੜਾ ਕਿ ਦਾਨੀ ਸੱਜਣਾਂ ਦੇ ਉਪਰਾਲੇ
ਨਾਲ ਤਿਆਰ ਕੀਤਾ ਗਿਆ ਅਤੇ ਸੰਗਤਾਂ ਨੂੰ
ਮੁਫਤ ਭੇਟਾ ਕੀਤਾ ਗਿਆ ਹੈ, ਉਮੀਦ
ਹੈ ਆਪ ਲਾਹਾ ਪ੍ਰਾਪਤ ਕਰੋਗੇ।

ਜੁਲਾਈ ੧੯੬੭



Published by Working Commitee, Guru Gobind Singh 300 Birth Anniversary, Malaysia & Singapore 24, Jalan Perkins, Kuala Lumpur & Printed by "SRUR PRINTERS" 135 - C Lorong 7 Kg. Pandan Settlement, Kuala Lumpur

੧ੴ ਵਾਹਿਗੁਰੂ ਜੀ ਕੀ ਫਤਹ।

ਸ਼ਬਦ ਹਜ਼ਾਰੇ ਸਟੀਕ

ਪਾ: ੧੦



ਉਚਾਰਨ – ਇੱਕ - ਓਅੰ - ਕਾਰ (੧ੴ)

੧ – ਵਾਹਿਗੁਰੂ ਇੱਕ ਹੈ।

ੳ - ਓਅੰ – ਸਭ ਥਾਂ, ਵਿਆਪਕ।

‘⌒’ ਕਾਰ – ਇਕ ਰਸ, ਅਬਦਲ ਹੈ।

ਅਰਥ – ਵਾਹਿਗੁਰੂ ਇਕ ਹੈ, ‘ਹਰ ਜਗਾਹ’ ਜਾਂ ‘ਸ਼ੈ’ ਵਿਚ ਇਕ ਰਸ, ਰਚਿਆ (ਵਿਆਪਕ) ਹੈ।

ਵਾਹਿਗੁਰੂ ਜੀ ਕੀ ਫਤਹ - ਕਰਤਾਰ ਦੀ ਜਿੱਤ।

ਵਿਚਾਰ - ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਮੰਤ੍ਰ ਵਿਚੋਂ ਇਕ ਓਅੰਕਾਰ (੧ਓ) ਸ਼ਬਦਾਂ ਨੂੰ 'ਵਾਹਿਗੁਰੂ ਜੀ ਕੀ ਕੀ ਫਤਹ' ਵਾਕ ਨਾਲ ਜੋੜ ਕੇ, ਇਹ ਵਾਕ ਸੰਪੂਰਨ ਕੀਤਾ ਹੋਇਆ, ਦਸਮ ਗੁਰਬਾਣੀ ਦੇ ਗੁਟਕਿਆਂ, ਤੇ ਪੋਥੀਆਂ ਵਿਚ ਆਮ ਮਿਲਦਾ ਹੈ, ਜੋ ਕਿ ਮੂਲ-ਮੰਤ੍ਰ ਦੇ ਸੰਖੇਪ ਰੂਪ "੧ਓ ਸਤਿਗੁਰ ਪ੍ਰਸਾਦਿ ॥" ਦੀ ਥਾਂ ਤੇ ਛਪਿਆ ਹੋਇਆ ਹੈ।

ਭਾ: ਸਾ: ਭਾ: ਕਾਨ੍ਹ ਸਿੰਘ ਜੀ ਗੁਰਮਤਿ ਸੁਧਾਕਰ ਦੇ ਸਫਾ ੭੨ ਉਤੇ ਲਿਖਦੇ ਹਨ ਕਿ 'ਦਸਮੇਸ਼ ਗੁਰੂ ਜੀ, ਕਰਤਾਰ ਨੂੰ ਹੀ ਆਪਣਾ ਇਸ਼ਟ ਜਾਣ ਕੇ '੧ਓ ਵਾਹਿਗੁਰੂ ਜੀ ਕੀ ਫਤਹ' ਸਾਰੀਆਂ ਬਾਣੀਆਂ ਦੇ ਆਦਿ ਲਿਖ ਕੇ ਮੰਗਲਾਚਰਣ ਕਰਦੇ ਹਨ'।

ਇਸ ਤੋਂ ਸਿੱਧ ਹੋਇਆ ਕਿ ਇਹ ਮੰਗਲਾਚਰਣ ਰੂਪ ਗੁਰਬਾਣੀ ਹੀ ਹੈ।

ਉੱਦ ਇਸ 'ਵਾਹਿਗੁਰੂ ਜੀ ਕੀ ਫਤਿਹ' ਵਾਕ ਬਾਬਤ ਭਾਃ ਸਃ ਕਾਨ੍ਹ ਸਿੰਘ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਇਹ ਵਾਕ 'ਸਿੱਖਾਂ ਦੇ ਪਰਸਪਰ ਮਿਲਣ ਸਮੇਂ ਦਾ ਸ਼ਿਸ਼ਟਾਚਾਰ ਬੋਧਕ ਵਾਕ ਹੈ, ਇਸ ਦਾ ਅਰਥ ਹੈ 'ਜਯ ਕਰਤਾਰ ਦੀ'।

ਦੂਜੀ ਵਿਚਾਰ ਇਹ ਹੈ ਕਿ ਬਾਣੀ ਦਾ ਨਾਮ ਗੁਟਕਿਆਂ ਵਿਚ 'ਹਜ਼ਾਰੇ ਸ਼ਬਦ' ਲਿਖਿਆ ਹੋਇਆ ਵੀ ਮਿਲਦਾ ਹੈ। ਜਿਸ

ਦੀ ਬਾਬਤ 'ਗੁਰਮਤਿ ਸੁਧਾਕਰ' ਦੇ ਸਫਾ ੯੨ ਤੇ ਭਾ: ਸਾ: ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿੱਚ ਆਪਣੇ ਵਿਚਾਰ ਇੰਞ ਲਿਖਦੇ ਹਨ ਕਿ "ਇਹ ਨਾਮ ਦਸਮੇਸ਼ ਜੀ ਦਾ ਥਾਪਿਆ ਹੋਇਆ ਨਹੀਂ, ਪ੍ਰੇਮੀ ਸਿੱਖਾਂ ਨੇ ਜਿਸ ਤਰ੍ਹਾਂ - 'ਮੇਰਾਂ ਮਨ ਲੋਚੈ ਗੁਰ ਦਰਸ਼ਨ ਤਾਈ' ਆਦਕ ਸੱਤ ਸ਼ਬਦਾਂ ਦਾ ਨਾਮ ਹਜ਼ਾਰੇ (ਸ਼ਿਰੋਮਣਿ ਅਥਵਾ ਚੀਦਾ) ਕਲਪਿਆ ਹੈ, ਉਸੇ ਤਰ੍ਹਾਂ ਇਨ੍ਹਾਂ ਸ਼ਬਦਾਂ ਦੀ ਸੰਗਿਆ ਕਰ ਲਈ ਹੈ।"

ਰਾਮਕਲੀ ਪਾਤਸ਼ਾਹੀ ੧੦ ॥ ਦਸਵੀਂ

ਰਾਮ ਕਲੀ - ਭੈਰੋਂ ਠਾਟ ਦੀ ਰਾਗਣੀ ਦਾ ਨਾਂ ਹੈ, ਜੋ ਕਿ ਦਿਨ ਦੇ ਪਹਿਲੇ ਪਹਿਰ ਵਿਚ ਗਾਈ ਜਾਂਦੀ ਹੈ।

ਪਾਤਸ਼ਾਹੀ ੧੦ – ਦਸਵੇਂ ਗੁਰੂ ਗੋਬਿੰਦ ਸਿੰਘ ਜੀ; ਜਿਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਿਲ ੧ (ਪਹਿਲਾ) ਜਾਂ ਦੂਜਾ ਆਦਿ ਲਿਖ ਕੇ ਦੱਸਿਆ ਗਿਆ ਹੈ ਕਿ ਕਿਹੜੇ ਗੁਰੂ ਸਾਹਿਬ ਜੀ ਦੀ ਬਾਣੀ ਹੈ, ਉਵੇਂ ਇੱਥੇ ਦਰਸਾਇਆ ਗਿਆ ਹੈ ਕਿ ਇਹ ਬਾਣੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰਣ ਕੀਤੀ ਹੋਈ ਹੈ।

ਰੇ ਮਨ ਐਸੋ ਕਰ ਸੰਨਿਆਸਾ ॥

ਰੇ ਮਨ - ਐ ਮੇਰੇ ਮਨ, (ਸੰਬੋਧਨ, ਬੁਲਾਉਣਾ)
ਐਸੋ - ਇਹੋ ਜਿਹਾ, ਹੇਠ ਲਿਖੇ ਢੰਗ ਦਾ।

ਸੰਨਿਆਸਾ – ਤਿਆਗ, ਹਿੰਦੂ ਮੱਤ ਅਨੁਸਾਰ ਚੌਥਾ ਆਸ਼ਰਮ, ਜਿਸ ਅਨੁਸਾਰ ਘਰ-ਬਾਰ ਤੇ ਪਰਵਾਰ (ਟੱਬਰ) ਛੱਡ ਕੇ ਇਕੱਲਿਆਂ ਜੰਗਲ ਵਿਚ ਰਹਿਣਾ ਪੈਂਦਾ ਹੈ।

ਅਰਥ – ਐ ਮੇਰੇ ਮਨ ਤੂੰ ਇਹੋ ਜਿਹਾ (ਜਿਹੋ ਜਿਹਾ ਕਿ ਹੇਠਲੀਆਂ ਪੰਗਤੀਆਂ ਵਿਚ ਵਿਚ ਦੱਸਿਆ ਗਿਆ ਹੈ) ਤਿਆਗੀ ਜਾਂ ਸੰਨਿਆਸੀ ਬਣ। ਭਾਵ ਉਹੋ ਜਿਹਾ ਸੰਨਿਆਸੀ ਨਾ ਬਣ ਕਿ ਜਿਹੜਾ ਘਰ-ਬਾਰ ਤੇ ਪਰਵਾਰ (ਟੱਬਰ) ਛੁਡਾ ਤੇ ਫਰਜ਼ ਭੁਲਾ ਕੇ ਨੰਗ-ਮਲੰਗ ਤੇ ਮੰਗਤਾ ਬਣਾ ਦੇਵੇ।

ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥ 1 ॥ ਰਹਾਉ ॥

ਬਨ – ਜੰਗਲ, ਸੇ – ਜਿਹੇ, ਵਰਗੇ, ਸਦਨ – ਘਰ ਸਭੈ – ਸਾਰੇ, ਸੱਭੇ, ਕਰ – ਕਰਕੇ, ਸਭੈ ਕਰ – ਸਾਰੇ ਇਕ ਸਮਾਨ, ਮਨ ਹੀ ਮਾਹਿ – ਕੇਵਲ ਮਨ ਵਿਚ, ਉਦਾਸਾ – ਪਦਾਰਥਾਂ ਦੀ ਖਿੱਚ ਨ ਰਹਿਣੀ, ਵਾਹਿਗੁਰੂ ਦੇ ਮਿਲਾਪ ਦੀ ਜ਼ੋਰਦਾਰ ਇੱਛਾ ਮਨ ਵਿੱਚ ਰਹਿਣੀ ਅਤੇ ਮਨ ਤੋਂ ਕਮਲ ਵਾਙੂ ਨਿਰਲੇਪ ਹੋ ਕੇ ਜੀਵਨ ਬਿਤਾਉਣਾ।

ਅਰਥ – (ਹੇ ਭਾਈ) ਘਰ ਨੂੰ ਹੀ ਜੰਗਲ ਵਰਗਾ ਸਮਝ ਅਤੇ ਮਨ ਵਿਚ ਹੀ ਉਦਾਸ (ਨਿਰਲੇਪ, ਪਦਾਰਥੀ ਖਿੱਚ ਤੋਂ ਰਹਿਤ) ਹੋ ਕੇ ਰਹੁ।

ਭਾਵ – ਸਰੀਰ ਨੂੰ ਦੁਖ ਦੇ ਕੇ ਕਮਜ਼ੋਰ ਕਰਨ ਨਾਲ, ਨਾ ਮਨ ਨੇ ਹੀ ਮਰਨਾ ਹੈ, ਅਤੇ ਨਾ ਹੀ ਉੱਦਮੀ ਬਣਨਾ ਹੈ। ਅਰਥਾਤ ਮਨ ਨੂੰ ਸੁਧਾਰਨ ਦਾ ਮਨੋਰਥ ਗ੍ਰਿਹਸਤ ਛੱਡ ਕੇ ਨਹੀਂ ਹਾਸਲ ਹੋ ਸਕਦਾ ਸਗੋਂ 'ਜਿਉਂ ਕਮਲ ਰਹੈ ਵਿਚ ਪਾਣੀ ਹੇ॥' ਵਰਗਾ ਜੀਵਨ ਬਣਾਇਆਂ ਹੀ ਮਨੋਰਥ ਦੀ ਪ੍ਰਾਪਤੀ ਹੋਵੇਗੀ।

ਨੋਟ - ਇਹ ਡੇਢ ਪੰਗਤੀ 'ਰਹਾਉ' ਵਾਲੀ ਹੈ। ਇਨ੍ਹਾਂ ਦਸਾਂ ਹੀ ਸ਼ਬਦਾਂ ਵਿਚ ਇਹ ਮੁੱਖ ਭਾਵ ਵਾਲੀਆਂ ਪੰਗਤੀਆਂ ਜਾਂ 'ਰਹਾਉ' ਵਾਲੀਆਂ ਪਹਿਲਾਂ ਹੀ ਆਉਂਦੀਆਂ ਹਨ, ਜਿਨ੍ਹਾਂ ਤੋਂ ਸਾਨੂੰ ਮੁੱਖ ਆਸ਼ੇ ਦਾ ਗਿਆਨ ਹੋ ਜਾਂਦਾ ਹੈ।

ਵੇਖੋ ! ਗੁਰੂ ਰਾਮਦਾਸ ਜੀ ਬਿਲਾਵਲ ਰਾਗ ਵਿਚ ਸਫਾ ੮੩੫ ਉਤੇ ਇਸੇ ਪਰਥਾਏ ਫਰਮਾਉਂਦੇ ਹਨ 'ਤਜੇ ਗਰਿਸਤੁ ਭਇਆ ਬਨਵਾਸੀ, ਇਕੁ ਖਿਨੁ ਮਨੂਆ ਟਿਕੈ ਨ ਟਿਕਈਆ॥'' ਅੱਗੇ ''ਧੀਆਂ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤ ਕਰਈਆ॥'' ਭਗਤ ਕਬੀਰ ਜੀ ਵੀ ਸਫਾ ੮੫੫ ਤੇ ਇਹੋ ਕੁਝ ਸਮਝਾਉਂਦੇ ਹਨ - 'ਗ੍ਰਿਹ ਤਜਿ ਬਨਖੰਡ ਜਾਈਐ ਚੁਨ ਖਾਈਐ ਕੰਦਾ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨ ਮੰਦਾ॥' ਹੋਰ ਵੇਖੋ ! ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਂ ਵਾਕੰਸ਼ ਪੂਰਾ ਹੀ ਮੇਲ ਖਾਂਦਾ ਹੈ -''ਗ੍ਰਿਹ ਬਨੁ ਸਮਸਰਿ' ਸਹਿਜ ਸੁਭਾਇ॥' ਦਸਮੇਸ਼ ਜੀ ਦਾ ਵਾਕ 'ਬਨ ਸੇ ਸਦਨ ਸਭੈ ਕਰ ਸਮਝਹੁ॥' ਭਾਵ ਕਿ ਜਿਸ ਮਨੁੱਖ ਨੇ ਮਨ ਵੱਸ ਕਰ ਲਿਆ, ਉਹਦੇ ਲਈ ਘਰ ਤੇ ਜੰਗਲ ਇਕ ਸਮਾਨ ਹੈ।

ਜਤ ਕੀ ਜਟਾ ਜੋਗ ਕੋ ਮਜਨ ਨੇਮ ਕੇ ਨਖਨ ਬਢਾਓ ॥

ਜਤ - ਇੰਦਰਿਆਂ ਤੇ ਕਾਬੂ, ਵਿਭਚਾਰ ਤੇ ਵਿਸ਼ੇ ਵਿਕਾਰਾਂ ਤੋਂ ਰਹਿਤ, 'ਏਕਾ ਨਾਰੀ ਜਤੀ ॥' ਭਾ: (ਗੁਰਦਾਸ)

ਜਟਾ – ਸੁਆਹ ਪਾ ਕੇ ਵਧਾਏ ਹੋਏ ਤੇ ਚੇਪ (ਗੰਮ, ਬੋੜ੍ਹ ਜਾਂ ਬਿਰਛਾਂ ਦੇ ਦੁੱਧ) ਨਾਲ਼ ਚੰਬੇੜ ਕੇ ਵੱਟੇ ਹੋਏ ਵਾਲ।

ਜੋਗ - ਪ੍ਰੇਮਾ ਭਗਤੀ, (ਗੁਰਮਤਿ ਅਨੁਸਾਰ) ਜਿਵੇਂ 'ਕਬੀਰ ਮੈਂ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗ ॥ ਭਗਤ ਨਾ ਛੋਡਉ ਰਾਮ ਕੀ ਭਾਵੈ ਨਿੰਦਉ ਲੋਗ ॥' ਜਾਂ 'ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥' ਹੋਰ 'ਹੁਕਮ ਬੂਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਇ ॥'

ਇਸ ਪ੍ਰੇਮਾ ਭਗਤੀ ਵਾਲੇ ਜੋਗ ਤੋਂ ਉਲਟ ਜੋਗ ਦਾ ਖੰਡਣ ਹੈ ॥ ਜਿਵੇਂ 'ਜੋਗੁ ਨਾ ਖਿੰਥਾ ਜੋਗ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੜਿ ਮੁਡਾਇਐ, ਜੋਗ ਨ ਸਿੰਙੀ ਵਾਈਐ ॥'

ਭਾਵ - ਗੋਦੜੀ ਪਹਿਨਣ, ਡੰਡਾ ਫੜਨ, ਸੁਆਹ ਮਲਣ, ਮੁੰਦਰਾਂ ਪਾਉਣ, ਸਿਰ ਮੁੰਨਾਉਨ ਤੇ ਸਿੰਗ ਵਜਾਉਣ ਨਾਲ ਜੋਗ ਨਹੀਂ ਹੁੰਦਾ।

ਮਜਨ - ਇਸ਼ਨਾਨ, ਨ੍ਹਾਉਣਾ' ਭਾਵ ਉਸ ਇਸ਼ਨਾਨ ਤੋਂ ਹੈ ਜਿਸ ਤੋਂ ਕਿ ਲੋਕ ਭੁਲੇਖੇ ਵਿਚ ਪੈ ਕੇ ਸਮਝੀ ਬੈਠੇ ਹਨ, ਫਲਾਂ ਤੀਰਥ ਤੇ ਨ੍ਹਾਤਿਆਂ ਸਭ ਪਾਪ ਉਤਰ ਜਾਣਗੇ,

ਜਿਵੇਂ 'ਪਾਪ ਕਰਹਿ ਪੰਚਾ ਕੇ ਬਸਿ ਰੇ॥'
'ਤੀਰਥਿ ਨਾਇ ਕਹਹਿ ਸਭ ਉਤਰੇ॥'
ਬਹੁਰਿ ਕਮਾਵਹਿ ਹੋਇ ਨਿਸੰਕ॥'

ਭਾਵ – ਪੰਜ ਵਿਕਾਰਾਂ ਵਿਚ ਫਸਿਆ ਹੋਇਆ ਪਾਪ ਕਰ ਰਿਹਾ ਹੈ। ਤੀਰਥ ਤੇ ਨ੍ਹਾ ਕੇ ਸਮਝ ਲੈਂਦਾ ਹੈ ਕਿ ਪਹਿਲੇ ਕੀਤੇ ਹੋਏ ਸਾਰੇ ਪਾਪ ਲੱਥ ਗਏ ਹਨ ਤੇ ਹੋਰ ਬੜਾ ਨਿਡਰ ਹੋ ਕੇ ਕਮਾਉਣ ਲੱਗ ਪੈਂਦਾ ਹੈ। ਅਜਿਹੇ 'ਮਜਨ' (ਇਸ਼ਨਾਨ) ਤੋਂ ਵਰਜਿਆ ਹੈ। ਜਿਸ ਇਸ਼ਨਾਨ ਨਾਲ ਸਰੀਰ ਸਾਫ-ਸੁਥਰਾ ਹੋਵੇ ਉਸ ਤੋਂ ਨਹੀਂ।

ਨੇਮ - ਕਾਇਦਾ, ਅਸੂਲ, ਮਿਥੀ ਜਾਂ ਬੰਨ੍ਹੀ ਹੋਈ ਗੱਲ, ਪਰ ਗੁਰਮਤਿ ਅਨੁਸਾਰ ਅਰਥ ਹੈ, ਨਾਮ ਜਪਣ ਜਾਂ ਸਿਮਰਨ ਦਾ ਨੇਮ। ਜਿਵੇਂ - 'ਨੇਮ ਨਿਬਾਹਿਉ ਸਤਿਗੁਰੂ ਪ੍ਰਭਿ ਕਿਰਪਾ ਧਾਰੀ॥' ਭਾਵ ਵਾਹਿਗੁਰੂ ਨੇ ਮਿਹਰ ਕੀਤੀ ਹੈ ਕਿ ਗੁਰੂ ਜੀ ਮੇਰਾ (ਨਾਮ ਜਪਣ) ਦਾ ਨੇਮ ਤੋੜ ਚਾੜ੍ਹ ਰਿਹਾ ਹੈ।
ਨਖਨ – ਨਹੁੰ। ਬਢਾਓ – ਵਧਾਓ।

ਅਰਥ - (ਹੇ ਭਾਈ) ਜਟਾਂ ਦੀ ਥਾਂ ਚੰਗਾ ਆਚਰਣ (ਜਤ) ਬਣਾ' [ਤੀਰਥ] ਇਸ਼ਨਾਨ ਦੀ ਬਜਾਏ ਪ੍ਰੇਮਾ ਭਗਤੀ (ਜੋਗ) ਕਰ, ਨਹੁੰ ਵਧਾਉਣ ਨਾਲੋਂ (ਨਾਮ ਸਿਮਰਣ) ਦਾ ਨੇਮ ਬਣਾ।

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥

ਗਿਆਨ ਗੁਰੂ – ਗੁਰੂ ਦੇ ਗਿਆਨ {ਸਿਖਿਆ, ਉਪਦੇਸ਼} ਨਾਲ।

ਆਤਮ – ਆਪਣੇ ਆਪ ਨੂੰ। ਵਾਕ ਹੈ "ਸਭ ਤੇ ਨੀਚ ਆਤਮ ਕਰ ਮਾਨਉ॥" (ਦੇਵ ਗੰਧਾਰੀ ਮ: ੫)

ਉਪਦੇਸਹੁ – ਸਮਝਾਉ, ਸਿਖਿਆ ਦਿਉ।

ਨਾਮ-ਬਿਭੂਤ – ਨਾਮ (ਸਿਮਰਨ) ਦੀ ਸੁਆਹ, ਸੁਆਹ ਮਲਣ ਦੀ ਥਾਂ ਨਾਮ ਸਿਮਰਣ ਜਾਂ ਸਿਫਤ-ਸਲਾਹ ਕਰੋ।

ਅਰਥ – ਆਪਣੇ ਆਪ ਨੂੰ ਗੁਰੂ ਜੀ ਦੀ ਸਿਖਿਆ ਨਾਲ ਸੁਸਿਖਿਅਤ {ਸਮਝਦਾਰ} ਬਣਾਉ ਅਤੇ ਸੁਆਹ ਮਲ ਕੇ (ਵਿਹਲੇ ਫਿਰਨ ਤੇ ਸਮਾਂ ਬਰਬਾਦ ਕਰਨ ਦੀ ਥਾਂ) ਨਾਮ ਸਿਮਰਣ ਵਿਚ ਲੱਗੋ।

ਅਲਪ ਅਹਾਰ ਸੁਲਪ ਸੀ ਨਿੰਦਰਾ, ਦਯਾ ਛਿਮਾ ਤਨ ਪ੍ਰੀਤਿ॥

ਅਲਪ ਅਹਾਰ – ਥੋੜਾ ਭੋਜਨ ਕਰ।

ਸੁਲਪ ਸੀ ਨਿੰਦਰਾ – ਬਹੁਤ ਹੀ ਥੋੜਾ ਸੌਂ।

ਦਯਾ – ਰਹਿਮ ਕਰਨਾ, ਦਾਨ ਦੇਣਾ।

ਛਿਮਾ – ਸਹਾਰਨ ਸ਼ਕਤੀ, ਸਮਾਈ।

ਤਨ ਪ੍ਰੀਤਿ – ਸਭ ਨਾਲ ਪ੍ਰੇਮ-ਪਿਆਰ ਭਰਿਆ ਵਰਤਾਉ। {ਸਭ ਕਉ ਮੀਤ ਆਪਨ ਕੀਨਾ]

ਅਰਥ – (ਭਜਨੀਕ ਅਤੇ ਸੱਚਾ ਸੰਨਿਆਸੀ ਬਣਨ ਲਈ ਇਨ੍ਹਾਂ ਗੁਣਾਂ ਦਾ ਧਾਰਨੀ ਹੋਣਾ ਵੀ ਜ਼ਰੂਰੀ ਹੈ) – ਥੋੜਾ ਖਾਣਾ ਤੇ ਥੋੜਾ ਹੀ ਸੌਣਾ, [ਜੀਵਾਂ] ਉਤੇ ਤਰਸ ਖਾਣਾ ਤੇ ਸਮਾਈ

ਵਾਲਾ ਹੋਣਾ ਅਤੇ ਸਭ ਨਾਲ ਪ੍ਰੇਮ-ਪਿਆਰ ਭਰਿਆ ਵਰਤਾਉ ਕਰਨਾ।

ਭਾਵ - ਇਸ ਮਹਾਂਵਾਕ ਵਿਚ ਪਹਿਲੇ ਖਾਣ ਦਾ ਸੰਜਮ ਸਮਝਾਉਂਦੇ ਹਨ। ਗੁਰੂ ਅਰਜਨ ਦੇਵ ਜੀ ਵੀ ਸਫਾ ੨੦੧ ਫਰਮਾਉਂਦੇ ਹਨ, ਕਿ 'ਧੋਤੀ ਖੋਲਿ ਵਿਛਾਏ ਹੇਠ॥ ਗਰਧਪ ਵਾਗੂ ਲਾਹੇ ਪੇਟ॥' ਜੋ ਲੋਕ ਖੋਤੇ ਵਾਙੂ ਢਿੱਡ ਨੂੰ ਤੁੰਨ ਤੁੰਨ ਕੇ ਭਰਦੇ ਹਨ, ਮਾਨੋ ਉਹ ਕੇਵਲ ਖਾਣ 'ਵਾਸਤੇ ਹੀ ਜੀਊਂਦੇ ਹਨ, ਜੀਉਣ ਵਾਸਤੇ ਨਹੀਂ ਖਾਂਦੇ। ਉਨ੍ਹਾਂ ਦਾ ਤਾਂ ਖਾਂਦਿਆਂ ਖਾਂਦਿਆਂ ਮੂੰਹ ਵੀ ਘਸ ਗਿਆ ਹੈ, ਤੇ ਪਹਿਨਦਿਆਂ ਦਾ ਸਰੀਰ ਵੀ ਲਿੱਸਾ ਹੋ ਗਿਆ ਹੈ, ਜਿਵੇਂ ਕਿ 'ਖਾਂਦਿਆਂ ਖਾਂਦਿਆਂ ਮੁਹ ਘਠਾ, ਪੈਨੰਦਿਆਂ ਸਭੁ ਅੰਗ॥'

ਦੂਜੀ ਸਿਖਿਆ 'ਸੁਅਲਪ ਸੀ ਨਿੰਦਰਾ' ਦੀ ਹੈ, ਕਿ ਭਗਤ ਕਬੀਰ ਜੀ ਵੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿ ਰਹੇ ਹਨ, 'ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥' ਕਿਉਂਕਿ ਜਾਗਣ ਨਾਲ ਹੀ (ਭਾਵ ਜਾਗ ਕੇ ਸਿਮਰਨ ਕਰਨ ਨਾਲ ਹੀ) ਜਿਸ ਤੋਂ ਵਿਛੜੇ ਹੋਏ ਹਾਂ, ਉਸ ਨਾਲ ਮੇਲ ਹੋਵੇਗਾ 'ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗ ਲਾਗ॥' ਵੇਖੋ ਭਗਤ ਫਰੀਦ ਜੀ ਤਾਂ ਇਥੋਂ ਤਕ ਕਹਿ ਰਹੇ ਹਨ ਕਿ 'ਨਿੰਦਰਾਵਲੇ ਨੇਤ੍ਰਾਂ' ਵਾਲਿਆਂ ਦਾ ਤਾਂ ਪ੍ਰਭੂ ਨਾਲ ਮਿਲਾਪ ਹੋ ਹੀ ਨਹੀਂ ਸਕਦਾ॥'ਫਰੀਦਾ ਰਾਤ ਕਥੂਰੀ ਵੰਡੀਐ, ਸੁਤਿਆ ਮਿਲੈ ਨਾ ਭਾਉ॥ ਜਿਨ੍ਹਾਂ ਨੈਣ ਨੀਦ੍ਰਾਵਲੇ ਤਿੰਨ ਮਿਲਣ ਕੁਆਉ॥'

ਕਥੂਰੀ - ਕਸਤੂਰੀ, ਭਜਨ ਦੀ ਸੁਗੰਧੀ। ਭਾਉ - ਹਿਸਾ ਕੁਆਉ - ਕਿੱਥੋਂ, ਕਿਵੇਂ।

ਅਰਥ - ਰਾਤ ਨੂੰ ਇਕਾਂਤ ਵਿਚ ਕੀਤੇ ਹੋਏ ਸਿਮਰਨ ਦੀ ਕਸਤੂਰੀ (ਖੁਸ਼ਬੂ) ਦੀਆਂ ਲਪਟਾਂ (ਸੁਆਦ - ਅਨੰਦ) ਦਾ ਹਿੱਸਾ (ਭਾਉ), ਸੁੱਤਿਆਂ ਨੂੰ ਨਹੀਂ ਮਿਲ ਸਕਦਾ, ਕਿਉਂਕਿ ਜਿਨ੍ਹਾਂ ਦੀਆਂ ਅੱਖਾਂ ਸਾਰੀ ਰਾਤ ਨੀਂਦ ਵਿਚ ਘੁੱਟੀਆਂ ਰਹਿਣ, ਉਨ੍ਹਾਂ ਨੂੰ (ਨਾਮ ਦੀ ਕਸਤੂਰੀ) ਕਿਵੇਂ ਮਿਲੇ?

ਤੀਜੀ ਸਿੱਖਿਆ ਹੈ, 'ਦਯਾ' ਕਰਨਾ। ਜੈਹਾ ਕਿ ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ 'ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਦਾਨ ਕਰੇ॥' ਭਾਵ ਹੈ ਕਿ (ਸੱਚ ਦੀ ਪ੍ਰਾਪਤੀ ਤਦ ਹੁੰਦੀ ਹੈ) ਜੇ ਜੀਵਾਂ ਉਤੇ ਤਰਸ (ਕਰਨ ਦਾ ਜਜ਼ਬਾ ਦਿਲ ਵਿਚ ਪੈਦਾ ਕਰੇ)॥ ਅਰਥਾਤ ਜਾਚ ਸਿੱਖੇ ਤੇ ਉਨ੍ਹਾਂ ਲਈ ਪੁੰਨਦਾਨ ਵੀ ਕਰਦਾ ਹੋਵੇ। ਰਾਗ ਸਾਰੰਗ ਦੀ ਵਾਰ ਵਿਚ ਆਪ ਦਇਆ ਆਦਿ ਗੁਣਾਂ ਵਾਲੇ ਨੂੰ ਸਭ ਤੋਂ ਵੱਡਾ ਦੱਸਦੇ ਹਨ, 'ਸਚੁ ਵਰਤੁ, ਸੰਤੋਖ, ਤੀਰਥ, ਗਿਆਨ ਧਿਆਨ ਇਸਨਾਨ॥ ਦਇਆ ਦੇਵਤਾ, ਖਿਮਾ ਜਪਮਾਲੀ, ਤੇ ਮਾਣਸ ਪਰਧਾਨ'॥ ਭਾਵ ਕਿ ਜਿਨ੍ਹਾਂ ਨੇ ਸੱਚ ਦੇ ਧਾਰਨੀ ਹੋਣ ਨੂੰ ਵਰਤ, ਸੰਤੋਖ ਨੂੰ ਤੀਰਥ, ਜ਼ਿੰਦਗੀ ਦੇ ਮਨੋਰਥ ਦੀ ਸਮਝ ਤੇ ਪ੍ਰਭੂ ਦੇ ਸਿਮਰਨ ਨੂੰ (ਤੀਰਥਾਂ) ਦਾ ਨ੍ਹਾਉਣਾ ਜਾਣਿਆ ਹੈ। ਦਇਆ ਹੀ ਜਿਨ੍ਹਾਂ ਦਾ ਇਸ਼ਟ-ਦੇਵ (ਪੂਜ) ਹੈ, ਸਹਾਰਨ ਸ਼ਕਤੀ ਹੀ ਜਿੰਨ੍ਹਾਂ ਦੀ ਮਾਲਾ ਹੈ, ਉਹ

ਸਭ ਤੋਂ ਪ੍ਰਧਾਨ ਮਨੁੱਖ ਹਨ।

ਸ੍ਰੀ ਦਸਮੇਸ਼ ਜੀ ਚੋਥੀ ਸਿਖਸ਼ਾ ਖਿਮਾ (ਸਹਾਰਨ ਸ਼ਕਤੀ, ਸਹਾਈ) ਦੀ ਦਿੰਦੇ ਹਨ। ਜਿਸ ਦੀ ਬਾਬਤ ਵੀ ਸ੍ਰੀ ਗੁਰੂ ਨਾਨਕ ਦੇਵ ਫੁਰਮਾਂਦੇ ਹਨ (ਜਿਹੜੀ ਜੀਵ ਇਸਤ੍ਰੀ) ਦੁਨੀਆ ਦੀ ਵਧੀਕੀ ਨੂੰ ਸਹਾਰ ਲੇਣ ਦੇ ਸੁਭਾਵ ਨੂੰ ਸ਼ਿੰਗਾਰ ਬਣਾ ਕੇ ਪਹਿਨ ਲਵੇ, ਉਹ ਪ੍ਰਭੂ ਦੀ ਪਿਆਰੀ ਬਣ ਕੇ ਮਿਲ ਪੈਂਦੀ ਹੈ। ਜਿਵੇਂ – 'ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥' ਦੱਖਣੀ ਓਅੰਕਾਰ ਵਿਚ ਤਾਂ ਆਪ ਦਸਦੇ ਹਨ ਕਿ ਖਿਮਾ ਰਹਿਤ ਹੋ ਕੇ ਬੇਅੰਤ ਜੀਵ ਖਪ ਕੇ ਮਰ ਗਏ, ਜੋ ਗਿਣੇ ਨਹੀਂ ਜਾ ਸਕਦੇ। ਜਿਵੇਂ – 'ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥'

ਪੰਜਵੀਂ ਸਿਖਿਆ ਕਿ 'ਤਨ ਪ੍ਰੀਤਿ' (ਸਭ ਨਾਲ ਪ੍ਰੀਤ) ਕਰਨੀ, ਜਿਹਾ ਕਿ ਗੁਰੂ ਅਰਜਨ ਦੇਵ ਜੀ ਦਰਸਾ ਰਹੇ ਹਨ – 'ਸਭੁ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥' ਜਿਸ ਦਾ ਭਾਵ ਹੈ ਕਿ ਹੇ ਭਾਈ ਸਾਧ ਸੰਗਤ ਦੀ ਕਿਰਪਾ ਨਾਲ ਹਰੇਕ ਪ੍ਰਾਣੀ ਨੂੰ ਮੈਂ ਆਪਣਾ ਮਿਤ੍ਰ ਬਣਾਇਆ ਹੈ ਤੇ ਸਭ ਦਾ ਸੱਜਣ-ਮਿੱਤਰ ਬਣਿਆ ਰਹਿੰਦਾ ਹੈ।

ਸੀਲ ਸੰਤੋਖ ਸਦਾ ਨਿਰਬਾਹਿਬੋ
ਹ੍ਵੈਬੋ ਤ੍ਰਿਗੁਣ ਅਤੀਤ ॥

ਸੀਲ - ਮਿੱਠਾ ਸੁਭਾਉ,

ਸੰਤੋਖ – ਸਬਰ, ਰੱਜ, ਪ੍ਰਸੰਨਤਾ।
ਨਿਰਬਾਹਿਬੋ - ਪਾਲਣ ਕਰੋ, ਸਿਰੇ ਚੜ੍ਹਾਉ, ਪੂਰਾ ਕਰੋ।
ਤ੍ਰਿਗੁਣ - ਤਿੰਨ ਗੁਣ ਰਜੋ, ਸਤੋ ਤੇ ਤਮੋ।
ਅਤੀਤ – ਪਰੇ, ਬਾਹਰ।   ਹ੍ਵੈਬੋ - ਹੋ ਜਾਓ।

ਅਰਥ – (ਹੇ ਜੀਵ) ਹਮੇਸ਼ਾ ਮਿੱਠੇ ਸੁਭਾਉ ਤੇ ਸਬਰ ਸੰਤੋਖ ਦੀ ਪਾਲਣਾ ਕਰ, ਤਿੰਨਾਂ ਗੁਣਾਂ (ਰਜੋ, ਤਮੋ ਤੇ ਸਤੋ) ਤੋਂ ਪਰੇ ਰਹੁ ਜਾਂ ਉਪਰ ਉੱਠ।

ਭਾਵ - ਇਸ ਮਹਾਵਾਕ ਦੁਆਰਾ ਸ੍ਰੀ ਦਸਮੇਸ਼ ਜੀ ਪਹਿਲੀ ਸਮਝਾਉਣੀ ਇਹ ਦਿੰਦੇ ਹਨ ਕਿ 'ਸੀਲ' (ਮਿੱਠੇ ਸੁਭਾਉ) ਦੀ ਪਾਲਣਾ ਕਰ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਦਰਸਾਉਂਦੇ ਹਨ ਕਿ 'ਸੀਲਵੰਤਿ ਪਰਧਾਨਿ ਰਿਦੇ ਸਚਾਵੀਆ॥' ਮਿੱਠੇ ਸੁਭਾਉ ਵਾਲੀ ਇਸਤ੍ਰੀ {ਸਹੇਲੀਆਂ ਵਿਚ) ਪ੍ਰਧਾਨਤਾ (ਆਦਰ ਮਾਣ) ਪਾਉਂਦੀ ਹੈ, ਉਸ ਦੇ ਹਿਰਦੇ ਵਿਚ ਪ੍ਰਭੂ ਦੀ ਪ੍ਰੀਤੀ ਟਿਕੀ ਰਹਿੰਦੀ ਹੈ। ਜੋ ਦੇਵ ਕਵੀ ਨੇ ਵੀ ਕਿਹਾ ਹੈ ਕਿ ਜਿਵੇਂ ਤਲਾ ਪਾਣੀ ਤੋਂ ਬਿਨਾਂ, ਹੱਥ ਦਾਨ ਤੋਂ ਬਗੈਰ, ਮੋਤੀ ਚਮਕ-ਦਮਕ ਤੋਂ ਰਹਿਤ ਕਿਸੇ ਕੰਮ ਦੇ ਨਹੀਂ ਹੁੰਦੇ, ਉਵੇਂ ਮਨੁੱਖ ਸੀਲ (ਮਿੱਠੇ ਸੁਭਾਉ ਤੋਂ) ਖਾਲੀ ਕਿਸੇ ਕੰਮ ਦੇ ਨਹੀਂ ਹੁੰਦੇ। ਪੜ੍ਹੋ - 'ਪਾਨੀ ਬਿਨ ਸਰ ਜੈਸੇ, ਦਾਨ ਬਿਨ ਕਰ ਜੈਸੇ, ਸ਼ੀਲ ਬਿਨ ਨਰ ਜੈਸੇ, ਮੋਤੀ ਬਿਨ ਪਾਨੀ ਹੈ।' {ਸਾਰੀ ਕਬਿੱਤ ਮਹਾਨ ਕੋਸ਼ ਵਿਚ ਵੇਖੋ}

ਦੂਜੀ ਸਿੱਖਿਆ ਹੈ 'ਸੰਤੋਖ'। ਜਿਸ ਤੋਂ ਬਿਨਾਂ ਰੱਜ ਨਹੀਂ

ਆਉਂਦਾ 'ਸਹਿਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਕਬਹੂ ਮਾਇਆ ਪਾਛੈ ਪਾਵੈ॥' ਰੱਜ ਕੇਵਲ ਸੰਤੋਖ ਕੀਤਿਆਂ ਹੀ ਆਵੇਗਾ "ਬਿਨਾ ਸੰਤੋਖ ਨਹੀਂ ਕੋਊ-ਰਾਜੈ।" ਸ੍ਰੀ ਗੁਰੂ ਰਾਮ ਦਾਸ ਜੀ ਸੰਤੋਖ ਨੂੰ ਆਪਣਾ ਪਿਤਾ ਦਰਸਾਉਂਦੇ ਹਨ– "ਮਤਿ ਮਾਤਾ ਸੰਤੋਖ ਪਿਤਾ।" ਉਚੀ ਬੁੱਧੀ ਜਾਂ ਅਕਲ ਮੇਰੀ ਮਾਂ ਹੈ ਅਤੇ ਸਬਰ ਸਾਡਾ ਪਿਉ ਹੈ। ਭਾਵ ਕਿ ਇਨ੍ਹਾਂ ਗੁਣਾਂ ਵਿਚ ਜੰਮੇ-ਪਲੇ ਹਾਂ।

ਫਿਰ ਫਰਮਾਉਂਦੇ ਹਨ ਕਿ ਸਤ, ਸੰਤੋਖ, ਸੰਜਮ ਅਤੇ ਸੀਲ ਦੀ ਅਸੀਂ ਨਾ ਟੁੱਟਣ-ਫਟਣ ਵਾਲੀ ਸੰਜੋਅ [ਲੋਹੇ ਦੀ ਵਰਦੀ] ਪਹਿਨੀ ਹੋਈ ਹੈ। ਜਿਵੇਂ–'ਸੰਜਮ ਸਤ ਸੰਤੋਖ ਸੀਲ ਸੰਨਾਹੁ ਮਫੂਟੇ।' ਇਉਂ ਵੀ ਸਮਝਾਉਂਦੇ ਹਨ ਕਿ ਅਸੀਂ ਸੰਤੋਖ ਦੇ ਤਲਾ ਵਿਚ ਰਹਿੰਦੇ ਹਾਂ ਤੇ ਜੀਭ ਨਾਲ [ਸਿਮਰਨ] ਦੇ ਅੰਮ੍ਰਿਤ ਰਸ ਨੂੰ ਪਰਗਟ ਕਰਦੇ ਹਾਂ – "ਸੰਤੋਖ ਸਰੋਵਰ ਵਸੈ, ਅੰਮ੍ਰਿਤ ਰਸ ਰਸਨ ਪ੍ਰਕਾਸੇ।'

ਤੀਜੀ ਸਿਖਿਆ ਹੈ – 'ਤ੍ਰਿਗੁਣ ਅਤੀਤ' ਦੀ। ਇਨ੍ਹਾਂ ਤਿੰਨਾਂ ਗੁਣਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਮਾਇਆ ਦਾ ਮੋਹ ਹੀ ਫਰਮਾਉਂਦੇ ਹਨ। 'ਤ੍ਰੈਗੁਣ ਮਾਇਆ ਮੋਹੁ ਹੈ, ਗੁਰਮੁਖਿ ਚਉਥਾ ਪਦ ਪਾਇ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ।"

ਇਸ ਦੀ ਵਿਆਖਿਆ ਭਾਃ ਸਾ: ਵੀਰ ਸਿੰਘ ਜੀ ਨੇ

ਆਪਣੇ ਸੁਲਝੇ ਹੋਏ ਦਿਮਾਗ ਨਾਲ ਇੰਦ ਕੀਤੀ ਹੈ, ਜੋ ਕਿ ਗੁਰਮਤਿ ਦੇ ਗੂੜ੍ਹ ਭਾਵ ਨੂੰ ਇਸ ਤਰ੍ਹਾਂ ਦਰਸਾਉਂਦੀ ਹੈ - 'ਤਿੰਨਾਂ ਗੁਣਾਂ ਵਾਲੀਆਂ ਹਾਲਤਾਂ ਵਿਚ ਮਾਇਆ ਦਾ ਮੋਹ ਵਾਪਰਦਾ ਰਹਿੰਦਾ ਹੈ। ਅਰਥਾਤ ਸਤੋ ਗੁਣ ਦੀ ਦੁਨੀਆ ਦੇਵਤੇ, ਰਜੋ ਦੀ ਦੁਨੀਆ ਮਨੁਖ, ਤੇ ਤਮੋ ਦੀ ਦੁਨੀਆਂ ਜੀਵ ਜਾਂ ਦੈਂਤ ਆਦ ਮੋਹ ਵਿਚ ਹਨ; ਚਾਹੇ ਕਿਤੇ ਘੱਟ, ਕਿਤੇ ਹੋਰ ਘਟ। ਪਰ ਛੁਟਕਾਰਾ ਜਾਂ ਮੁਕਤੀ ਮਾਇਆ ਦੇ ਮੋਹ ਤੋਂ ਉਪਰ ਹੀ ਹੈ। ਪਰ ਗਹੁ ਵਾਲੀ ਗੱਲ ਇਥੇ ਇਹ ਹੈ ਕਿ ਗੁਰੂ ਜੀ ਚਉਥਾ ਪਦ ਕਹਿ ਕੇ ਅਗਲੀ ਤੁਕ ਵਿਚ ਹਰੀ ਨਾਮ ਤੇ ਸਾਈਂ ਦਾ ਮਿਲਾਪ ਦਸਦੇ ਹਨ। ਭਾਵ ਇਹ ਕਿ ਜੋ ਤਰੀਕਾ ਦੱਸ ਰਹੇ ਹਨ, ਉਹ ਹਰੀ ਨਾਮ ਹੈ।

ਚੌਥੇ ਪਦ [ਅਵਸਥਾ] ਵਿਚ ਤਾਂ ਗਿਆਨ ਮਾਰਗ ਵਾਲੇ ਵੀ ਪਹੁੰਚਣਾ ਦਸਦੇ ਹਨ, ਪਰ ਆਪ ਦਾ [ਗੁਰੂ ਜੀ ਦਾ, ਗੁਰਮਤਿ ਦਾ] ਰਾਹ ਤਾਂ 'ਪ੍ਰਭੂ ਪ੍ਰੇਮ' ਹੈ। ਇਸ ਕਰਕੇ ਫਰਮਾਉਂਦੇ ਹਨ ਕਿ ਤਿੰਨਾਂ ਗੁਣਾਂ ਤੋਂ ਉਪਰ ਉਠੇ ਹੋਏ ਨੂੰ 'ਵਾਹਿਗੁਰੂ ਦੀ ਕਿਰਪਾ' ਆਪਣੇ ਵਿਚ ਲੈ ਜਾਂਦੀ ਹੈ। ਪਰਮ ਪਦ ਇਹ ਈਸ਼ਵਰ ਮਿਲਾਪ ਹੈ। ਪਰਮਾਤਮਾ ਨੂੰ ਨਾ ਮੰਨ ਕੇ, ਨਿਰਾ ਜੀਵਾਤਮਾ ਨੂੰ ਮਾਇਆ ਦੇ ਮੋਹ ਤੋਂ ਕਢ ਕੇ ਚੌਥੇ ਪਦ ਵਿਚ ਲੈ ਜਾਣ ਵਾਲਾ ਮਤ ਵਰਣਨ ਨਹੀਂ ਕਰ ਰਹੇ। ਆਪ ਜੀ ਪੂਰਨ ਆਸਤਕ ਮਤਾ ਕਥਨ ਕਰ ਰਹੇ ਹਨ। ਪੂਰਨ ਕਲਿਆਣ [ਸਦਾ

ਮੁਕਤੀ] ਵਾਹਿਗੁਰੂ ਦੇ ਸਰੂਪ ਵਿਚ ਮਿਲਾਪ ਨਾਲ ਪ੍ਰਾਪਤ ਹੁੰਦੀ ਹੈ। ਇਹ ਪ੍ਰੇਮਾ ਭਗਤੀ ਹੈ।

ਸ੍ਰੀ ਮਾਨ ਗਿਃ ਹਰਨਾਮ ਸਿੰਘ ਜੀ 'ਬੱਲਭ' ਐਮः ਏः ਤਿੰਨ ਗੁਣਾਂ ਬਾਰੇ ਹੇਠ ਲਿਖੇ ਵਿਚਾਰ ਦਿੰਦੇ ਹਨ – 'ਰਜੋ ਗੁਣ – ਐਸ਼ ਇਸ਼ਰਤ ਪਰਧਾਨ ਜੀਵਨ। ਤਮੋ ਗੁਣ – ਰਾਜਨੀਤੀ, ਝਗੜੇ ਬਖੇੜੇ, ਕ੍ਰੋਧ ਪਰਧਾਨ ਜੀਵਨ। ਸਤੋ ਗੁਣ – ਸਤ ਸੰਤੋਖ, ਖਿਮਾ ਆਦ ਸ਼ੁਭ ਗੁਣ ਪਰਧਾਨ ਜੀਵਨ।

ਇਨ੍ਹਾਂ ਵਿਚੋਂ ਪਹਿਲੇ ਦੋ ਤਰ੍ਹਾਂ ਦੇ ਜੀਵਨ ਤੋਂ ਨਿਰਲੇਪ ਹੋ ਕੇ, ਪਰਮ ਪਦ ਦੀ ਪ੍ਰਾਪਤੀ ਲਈ ਤੀਜੀ ਪਰਕਾਰ ਦੇ ਸ਼ੁਭ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ। ਇਨ੍ਹਾਂ ਨੂੰ ਸਾਧਨ ਦੇ ਤੌਰ ਤੇ ਧਾਰਨ ਕਰੀਦਾ ਹੈ। ਜਦ ਆਦਰਸ਼ਕ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਇਹ ਗੁਣ ਸਾਧਨ ਦੇ ਤੌਰ ਤੇ ਆਪੇ ਹੀ ਲੀਣ ਹੋ ਕੇ ਉਸ ਆਦਰਸ਼ਕ ਜੀਵਨ ਦਾ ਅੰਗ ਹੀ ਬਣ ਜਾਂਦੇ ਹਨ। ਜਿਵੇਂ ਫੁੱਲ ਨਾਲ ਫਲ ਲੱਗ ਜਾਵੇ ਤਾਂ ਫੁੱਲ ਉਸ ਫਲ ਦੇ ਰਗਰੇਸ਼ੇ ਵਿਚ ਸਮਾ ਜਾਂਦਾ ਹੈ। ਉਸ ਦੀ ਆਪਣੀ ਵਖਰੀ ਹਸਤੀ ਆਪੇ ਹੀ ਮਿਟ ਜਾਂਦੀ ਹੈ।'

ਕਾਮ ਕ੍ਰੋਧ ਹੰਕਾਰ ਲੋਭ ਹਠ,
ਮੋਹ ਨ ਮਨ ਸਿਉ ਲਿਆਵੈ।

ਕਾਮ – ਵਿਸ਼ੇ ਵਾਸ਼ਨਾ। ਕ੍ਰੋਧ – ਗੁੱਸਾ। ਹੰਕਾਰ – ਹੈਂਕੜ, ਹਉਮੈ।

ਲੋਭ - ਲਾਲਚ, ਦੂਜੇ ਦੀਆਂ ਸ਼ੈਆਂ ਲੈਣ ਦੀ ਇੱਛਾ।
ਹਠ – ਜ਼ਿਦ, ਅੜੀ, ਹਠ ਧਰਮੀ।
ਮੋਹ - ਮਮਤਾ, ਸਨੇਹ ਸਿਉ - ਨਾਲ, ਵਿਚ।

(ਐ ਜੀਵ ਕਦੇ ਵੀ) ਆਪਣੇ ਮਨ ਵਿਚ ਵਿਸ਼ਿਆਂ ਦੀ ਭੁੱਖ (ਕਿਸੇ ਵਡੱਤਣ) ਦਾ ਘੁਮੰਡ, ਹੋਰਾਂ ਦੇ ਪਦਾਰਥਾਂ ਦੇ ਲੈ ਲੈਣ ਦੀ ਤੀਬਰ ਇੱਛਾ, ਜਿਵੇਂ ਕਿ 'ਅਵਰ ਮਰਤ ਮਾਇਆ ਮਨੁ ਤੋਲੇ' ਵਾਲਾ ਲਾਲਚ, ਜ਼ਿਦ, (ਧੂਣੀਆਂ ਤਾਪ ਕੇ ਤੇ ਪੁੱਠਾ ਲੱਟਕ ਕੇ, ਫੱਕੀ ਹਠ ਧਰਮੀ ਕਰਨੀ) ਅਤੇ ਮੋਹ (ਪਦਾਰਥ ਖਿੱਚ, ਮਮਤਾ) ਮਨ ਵਿਚ ਨਾ ਲਿਆ।

ਭਾਵ – ਇਨ੍ਹਾਂ ਪੰਜ ਵਿਸ਼ਿਆਂ ਦੀ ਬੇ ਹੱਦ ਵਰਤੋਂ (ਉੱਕਾ ਹੀ ਬੰਦ ਕਰ ਰਖਣਾ, ਜਾਂ ਖੁੱਲੀਆਂ ਵਾਗਾਂ ਕਰ ਦੇਣੀਆਂ) ਇਨਸਾਨ ਨੂੰ ਇਨਸਾਨੀਅਤ ਤੋਂ ਡੇਗ ਕੇ ਅਧੋਗਤੀ ਨੂੰ ਪਹੁੰਚਾ ਦਿੰਦੀ ਹੈ। ਵੇਖੋ! ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਕ੍ਰੋਧ ਲੜਾਈ ਝਗੜੇ ਦਾ ਮੁੱਢ ਹੈ 'ਹੇ ਕਲਿ ਮੂਲ ਕ੍ਰੋਧੰ' ਤੇ ਕਾਮ ਨਰਕਾਂ ਵਿਚ ਵਸਾਉਣ ਦਾ ਵਸੀਲਾ ਹੈ 'ਹੇ ਕਾਮੰ ਨਰਕ ਬਿਸਰਾਮੰ' ਲੋਭ ਵੱਡਿਆਂ ਵੱਡਿਆਂ ਨੂੰ ਡੋਬ ਦਿੰਦਾ ਹੈ 'ਹੇ ਲੋਭਾ ਲੰਪਟ ਸੰਗ ਸਿਰਮੋਰਹ,' ਅਹੰਕਾਰ ਜੰਮਣ-ਮਰਣ ਦੇ ਗੇੜ ਵਿਚ ਪਾਉਂਦਾ ਹੈ 'ਹੇ ਜਨਮ ਮਰਨ ਮੂਲੰ ਅਹੰਕਾਰੰ ਪਾਪਾਤਮਾ' ਅਤੇ ਮੋਹ ਦੇ ਪ੍ਰਭਾਵ ਤੋਂ ਤਾਂ ਕੋਈ ਵੀ ਬਚਦਾ ਨਹੀਂ 'ਹੇ ਅਜਿਤ ਸੂਰ ਸੰਗ੍ਰਾਮੰ, ਅਤਿ ਬਲਨਾ ਬਹੁ ਮਰਦਨਹ॥ ਗਣ ਗੰਧਰਬ ਦੇਵ ਮਨੁੱਖ, ਪਸ

ਪੰਖੀ ਬਿਮੋਹਨਹ॥' ਓ ਅਜਿਤ (ਮੋਹ) ਤੂੰ ਜੁੱਧ ਦਾ ਸੂਰਮਾ ਹੈ, ਬੇ ਗਿਣਤ ਬਲੀਆਂ ਬਲਵਾਨਾਂ ਨੂੰ ਮਸਲ ਦਿੰਦਾ ਹੈ, ਗਣਾਂ ਗੰਧਰਬਾਂ, ਦੇਵਤਿਆਂ ਮਨੁੱਖਾਂ, ਪਸ਼ੂ ਤੇ ਪੰਛੀਆਂ ਨੂੰ ਮੋਹ ਲੈਂਦਾ ਹੈ। ਭਗਤ ਰਵਿਦਾਸ ਜੀ ਬੇ-ਹੱਦੀ ਵਰਤੋਂ ਵਾਲੇ ਪੰਜ ਜੀਵ ਜੰਤੂਆਂ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ, ਕਿ ਇਨ੍ਹਾਂ ਵਿੱਚ ਇੱਕ ਇੱਕ ਵਿਸ਼ੇ ਦੀ ਅਤੀ ਵਰਤੋਂ ਨੇ, ਮੌਤ ਕਰ ਦਿੱਤੀ ਤੇ ਸਾਰੀ ਉਮਰ ਦਾ ਗੁਲਾਮ ਬਣਾ ਦਿੱਤਾ ਹੈ। ਜਿਵੇਂ :- 'ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ'॥ ਹਰਨ ਕੰਨ ਰਸ, ਮੱਛੀ ਨੂੰ ਜੀਭ ਦਾ ਚਸਕਾ, ਭੌਰੇ ਨੂੰ ਸੁੰਘਣ ਦੀ ਬਾਣ, ਪਤੰਗੇ ਨੂੰ ਰੂਪ ਦੀ ਖਿੱਚ, ਅਤੇ ਹਾਥੀ ਨੂੰ ਕਾਮ-ਵਾਸ਼ਨਾ ਦੀ ਭੁੱਖ, ਭਾਵ ਕਿ ਇੱਕ ਇਕ ਵਿਸ਼ੇ ਦੀ ਅਤੀ ਨੇ ਖੁਆਰ ਕਰ ਛੱਡਿਆ ਹੈ ਪਰ ਇਸ ਮਨੁੱਖ ਵਿਚ ਤਾਂ ਪੰਜੇ ਹੀ ਬੇ ਵੱਸ ਹੋਏ ਬੈਠੇ ਹਨ, ਫਿਰ ਇਸ ਦੇ ਬਚਣ ਦੀ ਕਿੰਨੀ ਕੁ ਆਸ ਹੋ ਸਕਦੀ ਹੈ।

ਅੱਗੇ ਆਈ ਹਠ-ਧਰਮੀ ਜਿਸ ਬਾਬਤ ਗੁਰੂ ਨਾਨਕ ਦੇਵ ਜੀ ਦਰਸਾਉਂਦੇ ਹਨ ਕਿ ਇਹ ਕਿਸੇ ਲੇਖੇ ਵਿਚ ਨਹੀਂ, ਨਾ ਹੀ ਵਾਹਿਗੁਰੂ ਇਸ ਤਰ੍ਹਾਂ ਕੀਤਿਆਂ ਖੁਸ਼ ਹੁੰਦਾ ਹੈ। ਜਿਵੇਂ:- ਹਠਿ ਕਰਿ ਮਰੈ ਨ ਲੇਖੈ ਪਾਵੈ॥' ਅਤੇ 'ਹਠ ਨ ਪਤੀਜੈ ਨਾ ਬਹੁ ਭੇਖੈ।' ਬਲਕੇ ਇਹ ਧੂਣੀਆਂ ਤਾਪ ਕੇ ਸਰੀਰ ਸੁਕਾਉਣਾ ਤੇ ਸਿਰ ਭਾਰ (ਬਿਟੰਗਾ) ਹੋ ਕੇ ਤਪ ਕਰਨ ਨਾਲ ਹਉਮੈਂ ਨੂੰ ਪੱਠੇ ਪਾ ਕੇ ਵਧਾਉਣਾ ਹੈ। ਜਿਵੇਂ 'ਹਠਿ ਨਿਗ੍ਰਹਿ ਅਤਿ ਰਹਿਤ ਬਿਟੰਗਾ॥

ਹਉ ਰੋਗ ਬਿਆਪੇ ਚੂਕੇ ਨ ਭੰਗਾ ॥ ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥ ਸੁ ਮੁਕਤ ਨਾਨਕ ਜਿਸੁ ਸਤਿਗੁਰ ਚੰਗਾ ॥' ਹੇ ਭਾਈ ਜੋ ਕੋਈ ਪ੍ਰਭੂ ਨੂੰ ਮਿਲਣ ਲਈ ਹਠ ਨਾਲ ਇੰਦ੍ਰਿਆਂ ਤੇ ਕਾਬੂ ਪਾਉਣ ਲਈ ਸਿਰ ਦੇ ਭਾਰ (ਬਿਟੰਗਾ) ਹੋ ਕੇ ਤਪ ਕਰਦਾ ਹੈ, ਉਸ ਉਤੇ ਹਉਮੈਂ ਦੀ ਬੀਮਾਰੀ ਜ਼ੋਰ ਪਾ ਲੈਂਦੀ ਹੈ ਤੇ ਪ੍ਰਭੂ ਨਾਲੋਂ ਪਈ ਵਿੱਥ (ਭੰਗਾ) ਮਿਟਦੀ ਨਹੀਂ, ਸਗੋਂ ਕਾਮ ਕ੍ਰੋਧ ਤ੍ਰਿਸਨਾ ਦੀ ਅੱਗ ਵਿੱਚ ਸੜਦਾ ਹੈ। ਇਨ੍ਹਾਂ ਰੋਗਾਂ ਤੋਂ ਤਾਂ ਹੇ ਨਾਨਕ ਉਹੀ ਛੁਟਕਾਰਾ ਪਾ ਸਕਦਾ ਹੈ; ਜਿਸ ਨੂੰ (ਚੰਗੇ ਭਾਗਾਂ ਕਰ ਕੇ) ਚੰਗਾ ਗੁਰੂ ਮਿਲਿਆ ਹੈ।

ਤਬ ਹੀ ਆਤਮ ਤਤ ਕੋ ਦਰਸੈ
ਪਰਮ ਪੁਰਖ ਕਹਿ ਪਾਵੈ ॥ ॥੧॥

ਤਬ - ਉਦੋਂ, ਉਸ ਵੇਲੇ, (ਜਦ ਉਪਰ ਲਿਖੇ ਅਨੁਸਾਰ ਪੂਰਾ ਉਤਰੇਗਾ) ਆਤਮ ਤਤ - ਆਪਣਾ ਸਰੂਪ, ਰੂਹ।
ਹੀ – ਨਿਸਚੇ, ਯਕੀਨ। ਦਰਸੈ – ਦੇਖ ਸਕਦਾ ਹੈ।
ਪਰਮ ਪੁਰਖ - ਅਕਾਲ ਪੁਰਖ, ਵਾਹਿਗੁਰੂ। ਕਹਿ - ਨੂੰ
ਪਾਵੈ - ਪ੍ਰਾਪਤ ਕਰ ਲੈਂਦਾ ਹੈ, ਪਾ ਲੈਂਦਾ ਹੈ।

ਅਰਥ – (ਹੇ ਭਾਈ ਉਪਰ ਦੱਸੇ ਅਭਿਆਸ ਦਾ ਅਭਿਆਸੀ ਜਦ ਕੋਈ ਹੁੰਦਾ ਹੈ) ਤਦ ਜਾ ਕੇ ਉਹ ਠੀਕ ਹੀ ਆਪਣੇ ਸਰੂਪ ਦੇ ਦੀਦਾਰੇ ਕਰਦਾ ਹੋਇਆ ਵਾਹਿਗੁਰੂ ਨੂੰ ਪ੍ਰਾਪਤ ਕਰ ਲੈਂਦਾ ਹੈ।

ਭਾਵ - ਇਸ ਮਹਾਵਾਕ ਵਿਚ ਉਹੀ ਰਮਜ਼ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਨਾਸਰੀ ਰਾਗ ਵਿਚ ਫੁਰਮਾਇਆ ਹੈ ਕਿ 'ਤਨ ਮਹਿ ਮਨੂਆ ਮਨਮਹਿ ਸਾਚਾ, ਸੋ ਸਾਚਾ ਮਿਲਿ ਸਾਚੇ ਰਾਚਾ ॥' ਅਰਥਾਤ ਜਿਸ ਨੂੰ ਸੱਚਾ ਤੇ ਚੰਗਾ ਗੁਰੂ ਮਿਲ ਪੈਂਦਾ ਹੈ। ਉਹਦਾ ਮਨ ਸਰੀਰ ਤੋਂ ਬਾਹਰ ਨਹੀਂ ਦੌੜਦਾ, ਉਸ ਦੇ ਮਨ ਵਿਚ ਸਦਾ ਥਿਰ (ਸਾਚਾ) ਵਾਹਿਗੁਰੂ ਜਾਹਿਰ ਹੋ ਜਾਂਦਾ ਹੈ ਤੇ ਹਰ ਵੇਲੇ ਉਸ ਦੇ ਧਿਆਨ ਵਿਚ ਸਮਾਇਆ ਰਹਿੰਦਾ ਹੈ। ਗੁਰਮਤਿ ਅਨੁਸਾਰ ਇਸ ਤਰ੍ਹਾਂ ਦੇ ਜੀਵਨ ਵਾਲੇ ਪੁਰਸ਼ ਨੂੰ ਸੱਚਾ ਤਿਆਗੀ ਜਾਂ ਸੰਨਿਆਸੀ ਕਹਿਆ ਜਾਂਦਾ ਹੈ। ਇਸ ਤੋਂ ਉਲਟ ਪਖੰਡ ਹੈ।

ਰਾਮਕਲੀ ਪਾਤਸ਼ਾਹੀ ॥ ੧੦ ॥ ਦਸਵੀਂ

ਰੇ ਮਨ ਇਹ ਬਿਧਿ ਜੋਗੁ ਕਮਾਓ ॥
ਸਿੰਙੀ ਸਾਚ, ਅਕਪਟ ਕੰਠਲਾ,
ਧਿਆਨ ਬਿਭੂਤ ਚੜ੍ਹਾਓ ॥੧॥ ਰਹਾਉ ॥

ਇਹ ਬਿਧ – ਇਸ ਢੰਗ ਦਾ। ਜੋਗ - ਪ੍ਰੇਮਾ ਭਗਤੀ। ਕਮਾਉ - ਅਭਿਆਸ ਕਰ। ਸਿੰਙੀ - ਵਲਦਾਰ ਸਿੰਗ, ਜੋ ਜੋਗੀ ਲੋਕ ਫੂਕ ਨਾਲ ਵਜਾਉਂਦੇ ਹਨ। ਅਕਪਟ - ਛਲ ਰਹਿਤ। ਸਾਚ – ਸਦਾ ਥਿਰ ਪ੍ਰਭੂ, ਸੱਤ, ਸੱਚ। ਕੰਠਲਾ - ਰੁਦਰਾਖਸ਼ ਦੇ ਮਣਕਿਆਂ ਦੀ ਮਾਲਾ, ਜੋ ਸ਼ੈਵ (ਸ਼ਿਵਜੀ ਦੇ ਪੂਜਕ) ਪਹਿਨਦੇ

ਹਨ। ਬਿਭੂਤ – ਸੁਆਹ, ਜੋ ਪਿੰਡੇ ਤੇ ਮਲਦੇ ਹਨ।
ਧਿਆਨ - ਸੁਰਤੀ ਨੂੰ ਸਭ ਪਾਸਿਆਂ ਤੋਂ ਰੋਕ ਕੇ ਪ੍ਰਭੂ ਵਿਚ ਲਾਉਣਾ।

ਅਰਥ - ਹੇ ਮੇਰੇ ਮਨ ਇਸ ਤਰ੍ਹਾਂ ਦੀ ਜਿਹਾ ਕਿ ਹੇਠਲੀਆਂ ਪੰਗਤੀਆਂ ਵਿਚ ਦੱਸਿਆ ਗਿਆ ਹੈ। ਜੋਗ [ਪ੍ਰੇਮ ਭਗਤੀ] ਦੀ ਕਮਾਈ ਕਰ। ਵਲਦਾਰ ਸਿੰਗ ਨੂੰ ਵਜਾਉਣ ਦੀ ਥਾਂ, ਸਦਾ ਥਿਰ ਵਾਹਿਗੁਰੂ (ਸਾਚ) ਨੂੰ ਮਨ ਵਿੱਚ ਵਸਾ, ਮਾਲਾ ਦੀ ਥਾਵੇਂ, ਮਨ ਨੂੰ ਨਿਰਛਲਤਾ ਵਾਲਾ ਬਣਾ, ਪਿੰਡੇ ਨੂੰ ਸੁਆਹ ਮਲਣ ਨਾਲੋਂ ਪ੍ਰਭੂ ਦੇ ਚਰਨਾ ਵਿੱਚ ਸੁਰਤੀ ਨੂੰ ਟਿਕਾ ॥੧॥ ਰਹਾਉ ॥

ਭਾਵ – ਇਹ ਰਹਾਉ ਵਾਲੀਆਂ ਪੰਗਤੀਆਂ ਵਿਚ ਮੁੱਖ ਆਸ਼ਾ ਦਰਸਾਇਆ ਗਿਆ ਹੈ। ਜਿਸ ਨੂੰ ਗੁਰਮਤਿ ਦਾ ਜੋਗ ਕਹਿ ਸਕਦੇ ਹਾਂ। ਇਨ੍ਹਾਂ ਵਿੱਚ ਤਿੰਨ ਚਿੰਨ੍ਹਾਂ (ਸਿੰਗੀ, ਮਾਲਾ ਤੇ ਸੁਆਹ) ਦਾ ਰੂਪਕ ਦੱਸਿਆ ਗਿਆ ਹੈ।

ਤੰਤੀ ਗਹੁ ਆਤਮ ਬਸਿ ਕਰ ਕੀ
ਭਿੱਛਾ ਨਾਮ ਅਧਾਰੰ ॥
ਬਾਜੈ ਪਰਮ ਤਾਰ ਤਤੁ ਹਰਿ ਕੋ
ਉਪਜੈ ਰਾਗ ਰਸਾਰੰ ॥੧॥

ਤੰਤੀ – ਜੋਗੀਆਂ ਦੀ ਛੋਟੀ ਸਾਰੰਗੀ, ਕਿੰਗਰੀ, ਚਿਕਾਰਾ।

ਭਿੱਛਾ – ਮੰਗ ਕੇ ਖਾਣਾ।

ਪਰਮਤਾਰ – ਸ਼ਿਰੋਮਣੀ ਵਾਜਾ, ਉੱਚੀ ਇਕਾਗਰਤਾ।

ਉਪਜੈ – ਪੈਦਾ ਹੋਵੇਗਾ। ਤੱਤ ਹਰਿ ਕੋ - ਪ੍ਰਭੂ ਦੇ ਗਿਆਨ ਦਾ।

ਰਸਾਰੰ – ਰਸੀਲਾ, ਮਧੁਰ, ਮਿੱਠਾ।

ਅਰਥ – (ਐ ਗੁਰਮਤਿ ਦੇ ਧਾਰਨੀ ਜੋਗੀ) ਆਪਣੇ ਆਪ ਤੇ ਕਾਬੂ ਪਾਉਣ ਨੂੰ ਸਾਰੰਗੀ (ਕਿੰਗਰੀ ਤੰਤੀ) ਸਮਝ, ਪ੍ਰਭੂ ਦੇ ਨਾਮ ਦਾ ਸਹਾਰਾ, ਮੰਗ ਖਾਣ ਦੇ ਥਾਂ ਜਾਣ। ਇਸ ਤਰ੍ਹਾਂ ਵਾਹਿਗੁਰੂ ਦੇ ਗਿਆਨ ਦਾ ਸ਼ਰੋਮਣੀ ਸਾਜ ਵਜੇਗਾ, ਅਤੇ ਜਿਸ ਵਿੱਚੋਂ ਮਧੁਰ ਧੁਨੀਆਂ ਵਾਲਾ ਰਾਗ ਪੈਦਾ ਹੋਵੇਗਾ।

ਉਘਟਤ ਤਾਨ ਤਰੰਗ ਰੰਗ ਅਤਿ,
ਗਿਆਨ ਗੀਤ ਬੰਧਾਨੰ ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ
ਛਕਿ ਛਕਿ ਬਿਯੋਮ ਬਿਵਾਨੰ ॥

ਉਘਟਤ - ਉਠਣਗੀਆਂ, ਪੈਦਾ ਹੋਣਗੀਆਂ।

ਤਾਨ ਤਰੰਗ – ਤਾਨਾਂ ਦੀਆਂ ਲਹਿਰਾਂ।

ਚਕਿ ਚਕਿ ਰਹੇ = ਹੈਰਾਨ ਹੋਣਗੇ।

ਰੰਗ ਅਤਿ - ਅਨੰਦ ਮਈ ਤੇ ਸੁੰਦਰ। ਛਕਿ ਛਕਿ - ਸਜੇ ਹੋਏ ਜਾਂ ਰਜ ਰਜ ਕੇ।

ਗਿਆਨ ਗੀਤ – ਰੱਬੀ ਗਿਆਨ ਦਾ ਗੀਤ, ਭਜਨ।

ਬਿਓਮ ਬਿਵਾਨੰ - ਅਕਾਸ਼ੀ ਜਹਾਜ਼।
ਬੰਧਾਨੰ - ਲੈਅ ਅਤੇ ਤਾਲ ਵਿੱਚ ਬੱਧਾ ਹੋਇਆ।

ਅਰਥ – ਉਸ ਰਸੀਲੇ ਰਾਗ ਦੀਆਂ ਤਾਨਾਂ ਰੂਪ ਲਹਿਰਾਂ ਉੱਠਣਗੀਆਂ, ਜਿਨ੍ਹਾਂ ਵਿਚ ਕਿ ਪ੍ਰਭੂ ਦੇ ਗਿਆਨ ਦਾ ਗੀਤ ਲੈਅ ਤੇ ਤਾਲ ਵਿਚ ਬੱਝਿਆ ਸੁਣਾਈ ਦੇਵੇਗਾ। (ਇਸ ਗੀਤ ਨੂੰ ਸੁਣਨ ਲਈ) ਦੇਵਤੇ, ਮੁਨੀ ਅਤੇ ਦੈਂਤ ਸਜੇ ਹੋਏ ਅਕਾਸ਼ੀ ਜਹਾਜ਼ਾਂ (ਉਡਣ ਖਟੋਲਿਆਂ) ਤੇ ਬੈਠ ਕੇ ਸੁਣਨ ਲਈ ਆਉਣਗੇ। [ਇੱਨਾ ਉੱਚ ਪਾਏ ਦਾ ਸੰਗੀਤ ਹੋਵੇਗਾ] ਕਿ ਸੁਣ ਸੁਣ ਕੇ ਰਜਣਗੇ ਨਹੀਂ ਤੇ ਹੈਰਾਨ ਹੋਣਗੇ।

ਆਤਮ ਉਪਦੇਸ ਭੇਸੁ ਸੰਜਮ ਕੈ,
ਜਾਪ ਸੁ ਅਜਪਾ ਜਾਪੈ ॥
ਸਦਾ ਰਹੈ ਕੰਚਨ ਸੀ ਕਾਇਆਂ,
ਕਾਲ ਨ ਕਬਹੂੰ ਬਿਆਪੈ ॥2॥

ਆਤਮ ਉਪਦੇਸ - ਆਪਣੇ ਆਪ ਨੂੰ ਸਿੱਖਿਆ ਦੇਣੀ।
ਅਜਪਾ ਜਾਪ - ਜੀਭ, ਸਾਹ ਆਦਿ ਦੀ ਸਹਾਇਤਾ ਤੋਂ ਬਿਨ੍ਹਾਂ ਕੇਵਲ ਚਿਤ-ਵਿਰਤੀ ਨਾਲ ਕੀਤਾ ਜਾਪ, ਵਾਹਿਗੁਰੂ ਦਾ ਜਾਪ (ਸਿਮਰਨ)
ਭੇਸ - ਵੇਸ, ਪਹਿਰਾਵਾ   ਸੰਜਮ – ਇੰਦ੍ਰਿਆਂ ਤੇ ਕਾਬੂ।
ਕੰਚਨ – ਸੋਨਾ, ਸੀ - ਵਰਗੀ, ਕਾਇਆਂ - ਸਰੀਰ, ਦੇਹੀ।

ਕੰਚਨ ਸੀ ਕਾਇਆ - ਤੰਦਰੁਸਤ ਜਾਂ ਅਰੋਗ ਦੇਹ।
ਸਦਾ – ਹਮੇਸ਼ਾਂ। ਰਹੈ - ਰਹਿੰਦੀ ਹੈ। **ਕਾਲ** - ਮੌਤ, ਆਤਮਕ ਮੌਤ। ਬਿਆਪੈ – ਲਗਦੀ, ਆਉਂਦੀ! ਕਬਹੂੰ - ਕਦੇ ਵੀ

ਅਰਥ - ਐ ਮੇਰੇ ਮਨ ਆਪਣੇ ਆਪ ਨੂੰ (ਗੁਰੂ) ਦੀ ਸਿਖਿਆ ਦੁਆਰਾ ਸੁਧਾਰ ਅਤੇ ਇੰਦਰਿਆਂ ਨੂੰ ਕਾਬੂ ਕਰਨ ਦਾ ਪਹਿਰਾਵਾ ਪਹਿਨ, ਵਾਹਿਗੁਰੂ ਦਾ ਚਿਤ ਵਿਰਤੀ ਨਾਲ ਸਿਮਰਨ ਕਰ। ਇਸ ਤਰ੍ਹਾਂ ਕਰਨ ਨਾਲ (ਨਾ ਕੇਵਲ) ਦੇਹ ਅਰੋਗ ਰਹੇਗੀ ਬਲਕਿ ਕਦੇ ਆਤਮਕ ਮੌਤ ਨਹੀਂ ਹੋਵੇਗੀ।

ਭਾਵ - ਜਿਵੇਂ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਆਪਣੇ ਜੋਗ ਬਾਬਤ ਦਰਸਾ ਰਹੇ ਹਨ – 'ਪ੍ਰਭੂ ਚਰਨਾਂ ਵਿਚ ਸੁਰਤੀ ਜੋੜਨੀ ਤੇ ਉਸ ਦਾ ਸਿਮਰਨ ਕਰਨਾ - ਇਹ ਦੋ ਮੁੰਦਰਾਂ ਹਨ। ਪ੍ਰਭੂ ਦੇ ਸਹੀ ਗਿਆਨ ਦੀ ਮੇਰੀ ਗੋਦੜੀ (ਖਿੰਥਾ) ਹੈ। ਜਿੱਥੇ ਕੋਈ ਫੁਰਨਾ ਨਹੀਂ ਫੁਰਦਾ (ਸੁੰਨਗੁਫਾ) ਉਥੇ ਮੇਰਾ ਟਿਕਾਣਾ ਹੈ। ਕਲਪਣਾ ਤੋਂ ਰਹਿਤ ਮੇਰਾ ਧਰਮ ਦਾ ਰਾਹ)ਪੰਥ) ਹੈ। ਮੈਂ ਪ੍ਰਭੂ ਯਾਦ ਦੀ ਲਗਨ ਵਾਲਾ ਜੋਗੀ ਹਾਂ। ਆਤਮਕ ਮੌਤ ਤੇ ਵਿਛੋੜੇ ਦਾ ਡਰ ਮੈਨੂੰ ਨਹੀਂ ਹੈ। ਸਾਰੇ ਜਗਤ ਨੂੰ ਰੱਬ ਦੀ ਵਿਆਪਕਤਾ ਦਾ ਸੁਨੇਹਾ ਦੇਣਾ ਮੇਰੀ ਸਿੰਗੀ ਹੈ। ਸਾਰੇ ਜਗ ਨੂੰ ਨਾਸ਼ਵੰਤ [ਭਸਮਾਧਾਰੀ] ਜਾਣਨਾ ਮੇਰਾ ਸੁਆਹ ਵਾਲਾ ਥੈਲਾ ਹੈ। ਤਿੰਨ ਗੁਣੀ ਮਾਇਆ [ਤ੍ਰਿਪਲ] ਦੇ ਪਰਭਾਵ ਨੂੰ ਉਲਟਾ ਦੇਣਾ ਮੇਰੀ ਸਮਾਧੀ [ਤਾੜੀ] ਹੈ।

ਇਸ ਤਰ੍ਹਾਂ ਗ੍ਰਿਹਸਤੀ ਹੁੰਦਾ ਹੋਇਆ ਵੀ ਮੁਕਤ ਹਾਂ।

ਸ੍ਰੀ ਦਸਮੇਸ਼ ਜੀ ਆਪ ਵੀ ਬੜੀ ਸਰਲਤਾ ਨਾਲ (ਦਸਮ ਗ੍ਰੰਥ ਪਾਰਸਨਾਥ) ਵਿਚ ਜੋਗ ਸੰਬੰਧੀ ਕਿੰਨਾ ਸੁਹਣਾ ਸਮਝਾਉਂਦੇ ਹਨ। ਪੜ੍ਹੋ ਅਨੰਦ ਮਾਣੋ।

ਜੋਗੀ ! ਜੋਗ ਜਟਨ ਮੋ ਨਾਹੀ॥

ਭ੍ਰਮ ਭ੍ਰਮ ਮਰਤ ਕਹਾਂ ਪਚ ਪਚ ਕਰ,
ਦੇਖ ਸਸਝ ਮਨ ਮਾਹੀ।
ਜੋ ਜਨ ਮਹਾਂ ਤਤ ਕਹਿ ਜਾਨੈ,
ਪਰਮ ਗਿਆਨ ਕਹਿ ਪਾਵੈ।
ਤਬ ਯਹਿ ਏਕ ਠੌਰ ਮਨ ਰਾਖੈ,
ਦਰ ਦਰ ਭ੍ਰਮਤ ਨ ਪਾਵੈ।
ਕਹਾਂ ਭਯੋ ਗ੍ਰਿਹਿ ਤਜ ਉਠ ਭਾਗਯੋ,
ਬਨ ਮੋਂ ਕੀਨ ਨਿਵਾਸਾ।
ਮਨ ਤੋ ਰਹਾ ਸਦਾ ਘਰ ਹੀ ਮੋ,
ਸੋ ਨ ਭਯੋ ਉਦਾਸਾ।
ਅਧਿਕ ਪ੍ਰਪੰਚ ਦਿਖਾਯ ਠਗਾ ਜਗ,
ਜਾਨ ਜੋਗ ਕੋ ਜੋਰਾ।
ਤੁਮ ਜਿਯੇ ਲਖੋਂ ਤਜੀ ਹਮ ਮਾਇਆ,
ਮਾਯਾ ਤੁਮੈ ਨ ਛੋਰਾ।



ਹੋਰ ਅਨੰਦ ਮਾਣੋ ਤੇ ਪੜ੍ਹੋ।

ਭੇਖੀ ! ਜੋਗ ਨ ਭੇਖ ਦਿਖਾਏ।

ਨਾਹਨ ਜਟਾ ਵਿਭੂਤ ਨਖਨ ਮੇ, ਨਾਹਨ ਵਸਤ੍ਰ ਰੰਗਾਏ।

ਜੋ ਬਨ ਬਸੇ ਜੋਗ ਕੋ ਪੈਯੇ, ਪੰਛੀ ਸਦਾ ਬਸਤ ਬਨ।
ਕੁੰਚਰ ਸਦਾ ਧੂਰਿ ਸਿਰ ਮੇਲਤ, ਪਿਖੋ ਸਮਝ ਤੁਮਹੀ ਮਨ।
ਦਾਦਰ ਮੀਨ ਸਦਾ ਤੀਰਥ ਮੋ, ਕਰਿਓ ਕਰਤ ਇਸਨਾਨਾ।
ਧਿਆਨ ਬਿੜਾਲ ਬ੍ਰਿਕੀ ਬਕ ਲਾਵਤ, ਤਿਨ ਕਿਆ ਜੋਗ ਪਛਾਨਾ ?
ਜੈਸੇ ਕਸ਼ਟ ਠਗਨ ਕਹਿ ਠਾਟਤ, ਤੈਸੇ ਹਰਿ ਹਿਤ ਕੀਜੈ।
ਤਬ ਹੀ ਮਹਾ ਗਿਆਨ ਕੋ ਜਾਨੈ ਪਰਮ ਪਿਊਖਹਿ ਪੀਜੈ।

ਮਹਾਤਤ - ਵਾਹਿਗੁਰੂ। ਪ੍ਰਪੰਚ - ਧੋਖਾ, ਛਲ।
ਵਿਭੂਤ - ਸੁਆਹ। ਨਖਨ – ਨਹੁੰ। ਬਨ - ਜੰਗਲ।
ਕੁੰਚਰ - ਹਾਥੀ। ਧੂਰਿ – ਧੂੜੀ, ਰੇਤਾ। ਦਾਦਰ - ਡੱਡੂ
ਬਿੜਾਲ - ਬਿੱਲਾ। ਬ੍ਰਿਕੀ - ਬਘਿਆੜ।
ਬਕ - ਬਗਲਾ। ਪਿਯੂਖ – ਅੰਮ੍ਰਿਤ ਰਸ।
ਜੈਸੇ ਕਸ਼ਟ ਠਗਨ ਕਹਿ ਠਾਟਤ - ਜਿੰਨਾ ਦੁਖ ਠੱਗੀ ਕਰਨ ਵਿਚ ਉਠਾਉਂਦਾ ਹੈ ਜੇ ਉਨੀ ਪ੍ਰੀਤ ਵਾਹਿਗੁਰੂ ਨਾਲ ਕਰੇ ?

ਰਾਮਕਲੀ ਪਾਤਸ਼ਾਹੀ ੧੦ (ਦਸਵੀਂ)

ਪ੍ਰਾਨੀ ਪਰਮ ਪੁਰਖ ਪਗ ਲਾਗੋ ॥
ਸੋਵਤ ਕਹਾ ਮੋਹ ਨਿਦ੍ਰਾ ਮੈ,
ਕਬਹੂ ਸੁਚਿਤ ਹੋਇ ਜਾਗੋ ॥ ॥੧॥ ਰਹਾਉ ॥

ਪਰਮ ਪੁਰਖ – ਵਾਹਿਗੁਰੂ, ਅਕਾਲ ਪੁਰਖ ।
ਪਗ ਲਾਗੋ – ਚਰਨੀ ਲੱਗੋ ।

ਮੋਹ ਨਿਦ੍ਰਾ - ਮਮਤਾ ਦੀ ਨੀਂਦ ।

ਸੁਚਿਤ – ਸਾਵਧਾਨ, ਹੁਸ਼ਿਆਰ ।

ਹੇ ਮਨੁੱਖ ! ਉਸ ਵਾਹਿਗੁਰੂ (ਪਰਮ ਪੁਰਖ) ਦੀ ਚਰਨੀ ਲੱਗ ਜਾ ! ਤੂੰ ਕਿਉਂ ਮੋਹ ਮਮਤਾ ਦੀ ਨੀਂਦ ਵਿੱਚ ਸੁੱਤਾ ਪਿਆ ਹੈਂ ? ਇਸ ਨੀਂਦ ਤੋਂ ਕਦੇ ਤਾਂ ਜਾਗ ਕੇ ਸਾਵਧਾਨ (ਹੁਸ਼ਿਆਰ) ਹੋ ।

ਔਰਨ ਕਹਿੰ ਉਪਦੇਸਤ ਹੈ,
ਪਸੁ ਤੋਹਿ ਪ੍ਰਬੋਧ ਨ ਲਾਗੋ ॥
ਸੰਚਤ ਕਹਾ ਪਰੇ ਬਿਖਿਅਨ ਕਹਿੰ,
ਕਬਹੂੰ ਬਿਖੈ ਰਸ ਤਿਆਗੋ ॥

ਪਸ਼ੁ - ਅਗਿਆਨੀ ਆਗੂ ।

ਉਪਦੇਸਤ - ਸਿੱਖਿਆ ਦਿੰਦਾ ਹੈਂ।

ਔਰਨ ਕਹਿੰ - ਹੋਰਾਂ ਨੂੰ ।

ਪ੍ਰਬੋਧ - ਗਿਆਨ ਸਮਝ ।

ਸੰਚਤ - ਇਕੱਠਾ ਕਰਦਾ ਹੈ।

ਬਿਖਿਅਨ ਕਹਿੰ - ਵਿਸ਼ੇ ਵਿਕਾਰਾਂ ਨੂੰ ।

ਕਬਹੂੰ - ਕਦੇ ਤਾਂ ।

ਅਰਥ - (ਹੇ ਧਰਮ ਦੇ ਅਗਿਆਨੀ ਆਗੂ) ਤੂੰ ਦੂਜਿਆਂ ਨੂੰ ਤਾਂ ਸਿਖਿਆ ਦਿੰਦਾ ਹੈ ਪਰ ਤੇਰੇ ਉਤੇ ਉਸ

ਗਿਆਨ ਦਾ ਕੋਈ ਅਸਰ ਨਹੀਂ ਹੁੰਦਾ । ਤੂੰ ਕਿਉਂ ਵਿਸ਼ੇ ਵਿਕਾਰਾਂ ਦੀ ਸਮੱਗਰੀ ਨੂੰ ਇਕੱਠਾ ਕਰਦਾ ਫਿਰਦਾ ਹੈ । ਕਦੇ ਤਾਂ ਇਨ੍ਹਾਂ ਵਿਸ਼ਿਆਂ ਦਾ ਤਿਆਗ ਕਰ ।

ਕੇਵਲ ਕਰਮ ਭਰਮ ਸੇ ਚੀਨਹੁ,
ਧਰਮ ਕਰਮ ਅਨੁਰਾਗੋ ॥
ਸੰਗ੍ਰਹਿ ਕਰੋ ਸਦਾ ਸਿਮਰਨ ਕੋ,
ਪਰਮ ਪਾਪ ਤਜ ਭਾਗੋ ॥

ਕੇਵਲ ਕਰਮ – ਫੋਕਟ ਕਰਮ, ਪ੍ਰਭੂ ਦੇ ਸਿਮਰਨ ਤੋਂ ਬਿਨਾਂ ਹੋਰ ਕਰਮ । ਭਰਮ - ਵਹਿਮ । ਚੀਨਹੁ - ਜਾਣੋ ਸਮਝੋ । ਧਰਮ ਕਰਮ - ਧਰਮ ਦੇ ਕੰਮ । ਅਨੁਰਾਗੋ - ਪ੍ਰੀਤ ਕਰੋ । ਸੰਗ੍ਰਹਿ ਕਰੋ - ਇਕੱਠਾ ਕਰੋ । ਪਰਮ ਪਾਪ - ਮਹਾਂ ਪਾਪ, ਵੱਡੇ ਜ਼ੁਲਮ । ਤਜ - ਛੱਡ ਦੇ । ਭਾਗੋ - ਦੂਰ ਜਾਉ ।

(ਹੇ ਕਰਮ ਕਾਂਡੀ) ਫੋਕਟ ਕਰਮਾਂ ਨੂੰ ਤਾਂ ਵਹਿਮ ਜਾਣ ਕੇ (ਛੱਡ ਦੇ) ਤੇ ਧਰਮ ਦੇ ਕੰਮ ਕਰਨ ਨਾਲ ਪ੍ਰੀਤ ਕਰ । ਵਾਹਿਗੁਰੂ ਦੇ ਸਿਮਰਨ ਦਾ (ਖਜ਼ਾਨਾ) ਇਕੱਠਾ ਕਰ ਅਤੇ ਬੱਜਰ ਪਾਪਾਂ (ਜ਼ੁਲਮਾਂ) ਤੋਂ ਦੂਰ ਰਹੁ ।

ਜਾਂ ਤੇ ਦੂਖ ਪਾਪ ਨਹਿੰ ਭੇਟੈ,

ਕਾਲ ਜਾਲ ਤੇ ਤਾਗੋ ॥
ਜੌ ਸੁਖ ਚਾਹੋ ਸਦਾ ਸਭਹਿਨ ਕੋ,
ਤੌ ਹਰਿ ਕੇ ਰਸ ਪਾਗੋ ॥੩॥

ਜਾਂ ਤੇ - ਜਿਸ ਕਰਕੇ । ਨਹਿੰ ਭੇਟੈ - ਨੇੜੇ ਨਾ ਆਉਣ । ਕਾਲ ਜਾਲ ਤੇ - ਮੌਤ ਦੇ ਡਰ ਤੋਂ, ਮੌਤ ਦੇ ਫੰਧੇ ਤੋਂ । ਤਾਗੋ – ਜਾਣੂ ਹੋ ਕੇ ਬਚ ਜਾਓ । ਪਾਗੋ – (ਮਨ ਨੂੰ) ਰੰਗੋ । ਸਭਹਿਨ ਕੋ - ਸਭ ਦਾ, ਸਰਬੱਤ ਦਾ ।

ਅਰਥ – ਜਿਸ ਸਿਮਰਨ ਕਰਕੇ ਦੁੱਖ ਤੇ ਪਾਪ ਨੇੜੇ ਨਹੀਂ ਆਉਂਦੇ ਤੇ ਕਾਲ ਜਾਲ (ਆਤਮਕ ਮੌਤ) ਤੋਂ ਜਾਣੂ ਹੋ ਕੇ ਬਚ ਜਾਵੇਂ । (ਉਹ ਸਿਮਰਨ ਕਰ) ਅਤੇ ਜੇ ਸਰਬੱਤ ਦਾ ਭਲਾ ਲੋੜਦਾ ਹੈਂ ਤਾਂ ਵਾਹਿਗੁਰੂ ਦੇ ਸਿਮਰਨ ਵਿੱਚ ਮਨ ਨੂੰ ਰੰਗ ਕੇ ਮਗਨ ਹੋ ਜਾ ।

ਰਾਗ ਸੋਰਠਿ ਪਾ: ੧੦ (ਦਸਵੀਂ)

ਪ੍ਰਭੁ ਜੂ ਤੋ ਕਹਿ ਲਾਜ ਹਮਾਰੀ ॥
ਨੀਲ ਕੰਠ ਨਰ ਹਰਿ ਨਾਰਾਇਣ,
ਨੀਲ ਬਸਨਿ ਬਨਵਾਰੀ ॥੧॥ ਰਹਾਉ ॥

ਜੂ – ਜੀ, ਸਤਿਕਾਰ ਬੋਧਕ । ਤੋ ਕਹਿ – ਤੁਹਾਨੂੰ, ਤੈਨੂੰ। ਲਾਜ - ਇੱਜ਼ਤ। ਹਮਾਰੀ – ਸਾਡੀ। ਨੀਲ ਕੰਠ - ਸ਼ਿਵਜੀ ।

ਨਰ ਹਰਿ - ਨਰ ਸਿੰਘ, ਹਿੰਦੂ ਮੱਤ ਵਿੱਚ ਮੰਨਿਆ ਜਾਂਦਾ ਹੈ ਕਿ ਪ੍ਰਹਿਲਾਦ ਭਗਤ ਦੇ ਜ਼ਾਲਮ ਪਿਉ (ਹਰਨਾਕਸ਼) ਨੂੰ ਪ੍ਰਭੂ ਨੇ ਨਰ ਸਿੰਘ ਦਾ (ਮੂੰਹ ਸ਼ੇਰ ਦਾ ਤੇ ਧੜ ਮਨੁੱਖ ਦੀ) ਰੂਪ ਧਾਰ ਕੇ ਮਾਰਿਆ ਸੀ। ਨਰਾਇਣ - ਬਿਸ਼ਨੂੰ। ਨੀਲ ਬਸਨ - ਨੀਲ ਬਸਤਰਾਂ ਵਾਲਾ ਕ੍ਰਿਸ਼ਨ ਦਾ ਵੱਡਾ ਭਰਾ ਬਲ-ਰਾਮ। ਬਨਵਾਲੀ - ਕ੍ਰਿਸ਼ਨ। ਜਗਤ ਦਾ ਮਾਲਿਕ - ਵਾਹਗੁਰੂ।

ਅਰਥ - ਹੇ ਵਾਹਿਗੁਰੂ ਤੂੰ ਹੀ ਸਾਡੀ ਇੱਜ਼ਤ ਰੱਖਣ ਵਾਲਾ (ਅਤੇ ਤੂੰ ਹੀ ਸਾਡੇ ਲਈ) ਸ਼ਿਵਜੀ, ਨਰ ਸਿੰਘ, ਵਿਸ਼ਨੂੰ, ਬਲਰਾਮ ਤੇ ਕ੍ਰਿਸ਼ਨ ਹੈਂ।

ਪਰਮ ਪੁਰਖ, ਪਰਮੇਸੁਰ, ਸ੍ਵਾਮੀ,
ਪਾਵਨ ਪਵਨ ਪਵਨ ਅਹਾਰੀ॥
ਮਾਧਵ, ਮਹਾਂ ਜੋਤਿ, ਮਧੁ ਮਰਦਨ,
ਮਾਨ ਮੁਕੰਦ ਮੁਰਾਰੀ ॥੧॥

ਪਵਨ - ਪਵਿੱਤਰ ਕਰਨ ਵਾਲਾ, ਜਿਵੇਂ "ਸਰਬ ਪਾਵਨ ਮਮ ਪਾਵਨਹ। ਜਾਂ 'ਪਾਵਨ ਨਾਮ ਜਗਤ ਮੈਂ ਹਰਿ ਕੋ।' ਮ: ੯ ਪਵਨ ਅਹਾਰੀ - ਪ੍ਰਾਣਾਂ ਦਾ ਸਹਾਰਾ, ਜਾਂ ਨਿਰਾਹਾਰੀ "ਨਿਰਾਹਾਰੀ ਨਿਰਵੈਰ ਸਮਾਇਆ।" ਜਾਂ ਪਾਵਨ ਪਵਨ-

ਅਹਾਰੀ - ਪੌਣਹਾਰੀ (ਸੱਪਾਂ ਆਦਿ ਜ਼ਹਿਰੀਆਂ ਨੂੰ) ਪਵਿੱਤਰ ਕਰਨ ਵਾਲਾ। ਮਹਾ ਜੋਤਿ ਮਯ - ਮਹਾਨ ਜੋਤੀ (ਵਾਹਿਗੁਰੂ) ਸਭ ਵਿੱਚ ਹੈ। ਮਾਧਵ ਮਹਾਂ ਜੋਤਿ - ਮਹਾਨ ਜੋਤੀ ਸਰੂਪ ਪਰਮਾਤਮਾ। ਮਧੁ ਮਰਦਨ ਮਾਨ - ਮਧੁ (ਦੈਂਤ) ਦੇ ਹੰਕਾਰ ਨੂੰ ਮਸਲ ਕੇ ਮਾਰ ਦੇਣ ਵਾਲਾ ਵਿਸ਼ਨੂੰ ਵੀ ਹੇ ਵਹਿਗੁਰੂ ਤੂੰ ਹੀ ਹੈਂ। ਮੁਕੰਦ – ਮੁਕਤੀ ਦੇਣ ਵਾਲਾ ਪਰਮਾਤਮਾ। "ਮੁਕੰਦ ਮੁਕੰਦ ਜਪਹੁ ਸੰਸਾਰ॥" (ਗੌਂਡ ਰਵਿਦਾਸ) ਜਾਂ "ਸੋਈ ਮੁਕੰਦ ਮੁਕਤਿ ਕਾ ਦਾਤਾ॥" ਮੁਰਾਰੀ - ਪਰਮੇਸਰ, ਜਿਵੇਂ "ਮੁਰਾਰਿ, ਸਹਾਇ ਹੋਹ ਦਾਸ ਕਉ।" (ਧਨਾ: ਮ: ੫)

ਅਰਥ - (ਹੇ) ਪਰਮ ਪੁਰਖ (ਵਾਹਿਗੁਰੂ) (ਮੇਰੇ) ਮਾਲਕ ਪਰਮੇਸਰ (ਤੂੰ) ਮੇਰੇ ਪਰਾਣਾਂ ਦਾ ਸਹਾਰਾ ਹੈਂ। (ਹੇ) ਮਹਾਨ ਜੋਤੀ ਸ੍ਰੂਪ ਪਰਮਾਤਮਾ (ਤੂੰ) ਮੁਰ (ਦੈਂਤ) ਤੇ ਮਧੁ (ਦੈਂਤ) ਨੂੰ ਮਾਰ ਕੇ [ਦਾਸਾਂ ਨੂੰ] ਮੁਕਤੀ ਦੇਣ ਵਾਲਾ ਹੈਂ।

ਨਿਰ ਬਿਕਾਰ, ਨਿਰਜੁਰ; ਨਿੰਦ੍ਰਾਬਿਨ;
ਨਿਰਬਿਖ; ਨਰਕ ਨਿਵਾਰੀ ॥
ਕ੍ਰਿਪਾਸਿੰਧ ਕਾਲ ਤ੍ਰੈ ਦਰਸੀ;
ਕੁਕ੍ਰਿਤ ਪ੍ਰਣਾਸਨ ਕਾਰੀ ॥

ਨਿਰਬਿਕਾਰ – ਅ-ਬਦਲ, ਇਕਰਸ। ਨਿਰਜੁਰ – ਬਿਨਾਂ ਤਾਪ ਤੋਂ। ਅਰੋਗ, ਨਿਰਲੇਪ॥ ਨਿੰਦ੍ਰਾਬਿਨ – ਬਿਨਾਂ ਨੀਂਦ

ਤੋਂ, ਕਦੇ ਸੌਂਦਾ ਨਹੀਂ ਵਾਹਿਗੁਰੂ । "ਸਤਿਗੁਰ ਜਾਗਤਾ ਹੈ ਦੇਉ ॥" [ਆਸਾ ਕਬੀਰ]। ਨਿਰਬਿਖ – ਇਦ੍ਰੀਆਂ ਕਰਕੇ ਜੋ ਦੇਖਿਆ ਨਾ ਜਾ ਸਕੇ। ਨਰਕ ਨਿਵਾਰੀ – ਨਰਕਾਂ ਤੋਂ ਬਚਾਉਣ ਵਾਲਾ ਪ੍ਰਭੂ। ਕ੍ਰਿਪਾਸਿੰਧੁ – ਕ੍ਰਿਪਾ ਦਾ ਸਮੁੰਦਰ। ਕਾਲ ਤ੍ਰੈਦਰਸੀ – ਤਿੰਨਾਂ ਹੀ ਕਾਲਾਂ ਦੀ ਹਾਲਤ ਨੂੰ ਜਾਣਨ ਵਾਲਾ ਪਰਮਾਤਮਾ। ਕੁਕ੍ਰਿਤ – ਬੁਰੇ ਕਰਮ॥ ਪ੍ਰਣਾਸਨਕਾਰੀ – ਨਾਸ ਕਰਨ ਹਾਰਾ ।

ਅਰਥ – ਹੇ ਇਕਰਸ, ਨਿਰਲੇਪ, ਸਦਾ ਜਾਗਣ ਵਾਲੇ ਅਤੇ ਇਨ੍ਹਾਂ ਇੰਦਰਿਆਂ ਕਰਕੇ ਨਾ ਦਿਸਣ ਵਾਲੇ [ਪ੍ਰਭੂ ਜੀ] ਤੂੰ [ਜੀਵਾਂ ਨੂੰ ਜੋ ਸ਼ਰਨ ਆ ਜਾਣ] ਨਰਕ ਤੋਂ ਬਚਾਉਣ ਵਾਲਾ [ਬਖਸਿੰਦ ਪਿਤਾ] ਹੈ। [ਤੂੰ] ਕਿਰਪਾ ਦਾ ਸਮੁੰਦਰ, ਤਿੰਨਾਂ ਕਾਲਾਂ ਦਾ ਜਾਣੂ ਅਤੇ [ਜੀਵਾਂ ਦੇ] ਬੁਰੇ ਕਰਮਾਂ ਦੇ (ਅਸਰ) ਨੂੰ ਮੇਟਨਹਾਰਾ ਹੈਂ।

ਧਨੁਰ ਪਾਨਿ, ਧ੍ਰਿਤਮਾਨ, ਧਰਾਧਰ,
ਅਨਬਿਕਾਰ ਅਸਿਧਾਰੀ ॥
ਹੌ ਮਤਿਮੰਦ ਚਰਣ ਸ਼ਰਨਾਗਤ,
ਕਰ ਗਹਿ ਲੇਹੁ ਉਬਾਰੀ ॥4॥

ਧਨੁਰ ਪਾਨਿ – ਤੀਰ ਕਮਾਣ ਹੈ ਜਿਸ ਦੇ ਹੱਥ ਵਿੱਚ। ਧ੍ਰਿਤਮਾਨ – ਧੀਰਜ ਵਾਲਾ । ਧਰਾਧਰ – ਧਰਤੀ ਦਾ ਸਹਾਰਾ ।

ਅਨਿਕਾਰ – ਅਬਦਲ, ਇਕਰਸ । ਅਸਿਧਾਰੀ – ਖੜਗ (ਤਲਵਾਰ) ਵਾਲਾ, ਮਹਾਂ ਕਾਲ । ਹੌ – ਮੈਂ । ਮਤਿਮੰਦ – ਥੋੜ੍ਹੀ ਸਮਝ ਵਾਲਾ । ਚਰਨ – ਪੈਰ । ਸ਼ਰਨਾਗਤ – ਓਟ ਵਿੱਚ ਆਇਆ ਹਾਂ । ਕਰ – ਹੱਥ । ਗਹਿ – ਫੜ ਕੇ । ਲੇਹੁ – ਲੈ । ਉਬਾਰੀ – ਬਚਾਉ ।

ਅਰਥ – (ਹੇ ਵਾਹਿਗੁਰੂ ਤੂੰ ਆਪ ਹੀ) ਤੀਰ ਕਮਾਨ ਵਾਲਾ, ਧੀਰਜਵਾਨ, ਦੁਨੀਆਂ ਦਾ ਆਸਰਾ, ਇਕਰਸ ਤੇ ਖੜਗਧਾਰੀ ਹੈਂ । ਪਰ ਮੈਂ ਤੁਛ ਬੁੱਧੀ (ਘੱਟ ਸਮਝ) ਵਾਲਾ ਤੇਰੇ ਚਰਨਾਂ ਦੀ ਓਟ [ਸਹਾਰਾ] ਤੱਕ ਕੇ ਆਇਆ ਹਾਂ, ਮੇਰੀ ਬਾਂਹ ਫੜ ਕੇ [ਸੰਸਾਰ ਸਮੁੰਦਰ] ਤੋਂ ਬਚਾ ਲੈ ॥੪॥

ਭਾਵ – ਇਸ ਸ਼ਬਦ ਵਿੱਚ ਵਾਹਿਗੁਰੂ ਦੇ ਕੰਮਾਂ ਤੋਂ ਪਏ ਨਾਂਵ [ਕਰਮ ਨਾਂਵਾਂ] ਦਾ ਹੀ ਵਰਣਨ ਹੈ । ਪਰੰਤੂ "ਰਹਾਉ" ਵਾਲੀ ਪੰਗਤੀ "ਨੀਲ ਕੰਠ ਨਰ ਹਰਿ" ਤੋਂ ਭੁਲੇਖਾ ਨਹੀਂ ਖਾਣਾ ਚਾਹੀਦਾ । ਇਸ ਦਾ ਭਾਵ ਜਪੁਜੀ ਸਾਹਿਬ ਦੀ ਪੰਜਵੀ ਪਉੜੀ ਤੇ ਖਾਸ ਕਰਕੇ ਇਨ੍ਹਾ ਪੰਗਤੀਆਂ ਨਾਲ ਕਿ "ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ । ਗੁਰੁ ਈਸਰੁ ਗੁਰ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ।" ਦੇ ਨਾਲ ਪੂਰਾ ਪੂਰਾ ਅੱਖਰ ਅੱਖਰ ਮਿਲਦਾ ਹੈ । ਪੜ੍ਹੋ ਪੰ: ਕਰਤਾਰ ਸਿੰਘ ਜੀ ਦਾਖਾ ਦਾ ਕੀਤਾ ਹੋਇਆ ਟੀਕਾ "ਸ੍ਰੀ ਜਪੁ-ਨੀਸਾਣ" । ਉਹ ਅਰਥ ਲਿਖਦੇ ਹਨ ਕਿ "ਉਹ ਅਕਾਲ ਪੁਰਖ [ਆਪ ਹੀ] ਸੁਰਤੀ ਰੂਪ ਅਤੇ [ਆਪ ਉਹ]

ਗਿਆਨ ਸੂਰੂਪ, [ਆਪ ਹੀ] ਸ਼ਿਵ, ਬ੍ਰਹਮ ਅਤੇ ਵਿਸ਼ਨੂੰ ਰੂਪ ਹੈ । ਅਤੇ (ਆਪ ਹੀ) ਕ੍ਰਮ ਤੇ (ਸਿਲਸਲੇਵਾਰ) ਮਾਈ ਭਵਾਨੀ, ਲੱਛਮੀ ਅਤੇ ਸਰਸ੍ਵਤੀ ਦੇ ਥਾਂ ਹੈ ।

ਪ੍ਰੰਤੂ ਇਸ ਅਗਲੇ ਸ਼ਬਦ ਵਿੱਚ ਸ੍ਰੀ ਦਸ਼ਮੇਸ਼ ਜੀ ਆਪ ਹੀ ਕੋਈ ਸ਼ੰਕਾ ਨਹੀਂ ਰਹਿਣ ਦਿੰਦੇ । ਜਦ ਕਿ ਫੁਰਮਾ ਰਹੇ ਹਨ ਕਿ ਇਹ ਸਭ ਦੇਵੀ, ਦੇਵਤੇ ਤੇ ਅਵਤਾਰ ਉਸ ਵਾਹਿ-ਗੁਰੂ ਦੇ ਕਿਰਤਮ (ਬਣਾਏ ਹੋਏ) ਹਨ ।

ਰਾਗ ਕਲਿਆਣ ਪਾਤਿਸ਼ਾਹੀ ੧੦ਵੀਂ ।

ਬਿਨ ਕਰਤਾਰ ਨ ਕਿਰਤਮ ਮਾਨੋ ।
ਆਦਿ ਅਜੋਨਿ ਅਜੈ ਅਬਿਨਾਸੀ,
ਤਿਹ ਪਰਮੇਸੁਰ ਤੇ ਜਾਨੋ ॥੧॥ ਰਹਾਉ ॥

ਕਿਰਤਮ - ਰਚੇ ਹੋਏ, ਬਣਾਏ ਹੋਏ, ਬਣਾਉਟੀ । ਅਜਿਹਾ ਨਾਮ ਜੋ ਕਿਸੇ ਦੀ ਕਿਸੇ ਕਿਰਿਆ {ਕੰਮਾਂ} ਜਾਂ ਗੁਣਾਂ ਨੂੰ ਦੇਖ ਕੇ ਬਣਾਇਆ ਗਿਆ ਹੋਵੇ ਉਹ 'ਕਿਰਤਮ ਨਾਮ' ਹੁੰਦਾ ਹੈ । ਜਿਵੇਂ "ਕਿਰਤਮ ਨਾਮ ਕਥੇ ਤੇਰੇ ਜਿਹਬਾ ॥"

ਆਦਿ - ਮੁੱਢ ਵਿੱਚ ਸਭ ਤੋਂ ਪਹਿਲੇ । ਅਜੋਨਿ - ਜਨਮ ਵਿੱਚ ਨਹੀਂ ਆਉਂਦਾ । ਅਜੈ - ਜੋ ਜਿਤਿਆ ਨਹੀਂ ਜਾਂਦਾ । ਅਬਿਨਾਸੀ - ਨਾ ਨਾਸ਼ ਹੋਣ ਵਾਲਾ । ਤਿਹ - ਉਸ ਨੂੰ । ਜਾਨੋ - ਮੰਨੋ, ਪੂਜੋ ।

ਅਰਥ - ਸਿਰਜਨਹਾਰ {ਪੈਦਾ ਕਰਨ ਵਾਲੇ} ਵਾਹਿਗੁਰੂ ਤੋਂ ਬਿਨਾਂ ਕਿਰਤਮ { ਬਣਾਉਟੀ } ਨੂੰ {ਰੱਬ} ਨਾ ਮੰਨੋ। ਉਹੀ ਵਾਹਿਗੁਰੂ ਸਭ ਸਰਿਸ਼ਟੀ ਦਾ ਆਦਿ {ਮੁੱਢ} ਹੈ, ਜੋ ਜੂਨਾਂ (ਜੰਮਣ-ਮਰਨ) ਵਿੱਚ ਨਹੀਂ ਆਉਂਦਾ, ਅਤੇ ਜੋ ਕਿਸੇ ਤੋਂ ਜਿੱਤਿਆ ਨਹੀਂ ਜਾ ਸਕਦਾ, ਨਾ ਹੀ ਨਾਸ਼ ਹੋਣ ਵਾਲਾ ਹੈ। (ਅਜਿਹੇ ਲੱਛਣਾਂ ਤੇ ਗੁਣਾਂ ਵਾਲੇ) ਪ੍ਰਭੂ ਨੂੰ ਮੰਨੋ।

ਕਹਾਂ ਭਯੋ ਜੋ ਆਨ ਜਗਤ ਮੈ
ਦਸਿਕ ਅਸੁਰ ਹਰਿ ਘਾਏ॥
ਅਧਿਕ ਪ੍ਰਪੰਚ ਦਿਖਾਇ ਸਭਿਨ
ਕਹਿ ਆਪਹਿ ਬ੍ਰਹਮ ਕਹਾਏ॥

ਕਹਾ ਭਯੋ - ਕੀ ਹੋਇਆ। ਆਨ ਜਗਤ ਮੇ - ਸੰਸਾਰ ਵਿਚ ਆ ਕੇ। ਅਸੁਰ - ਰਾਖਸ਼, ਬੁਰੇ ਬੰਦੇ, ਕੁਕਰਮੀ ਜੀਵ, 'ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ। ਨਾਮ 'ਅਸੁਰ' ਤਿਨ ਕੋ ਜਗ ਧਰਹੀ।' (ਬਚਿੱਤ੍ਰ ਨਾਟਕ)

ਹਰਿ - ਵਿਸ਼ਨੂੰ। ਘਾਏ - ਮਾਰ ਦਿੱਤੇ। ਅਧਿਕ - ਬਹੁਤੇ ਜ਼ਿਆਦਾ। ਪ੍ਰਪੰਚ - ਧੋਖਾ, ਛਲ। ਜਿਵੇਂ - 'ਕਰਿ ਪਰਪੰਚ ਜਗਤ ਕੋ ਡਹਿਕੈ॥' (ਦੇਵ: ਮ: ੯)

ਸਭਿਨ ਕਹਿ – ਸਾਰਿਆਂ ਨੂੰ। ਆਪਹਿ – ਆਪਣੇ ਆਪ ਨੂੰ। ਬ੍ਰਹਮ ਕਹਾਏ – ਪਰਮੇਸੁਰ ਕਹਾਇਆ।

ਅਰਥ - ਕੀ ਹੋਇਆ [ਕੀ ਵੱਡੀ ਗੱਲ ਹੈ ?] ਜੋ ਵਿਸ਼ਨੂੰ ਨੇ ਸੰਸਾਰ ਵਿਚ (ਰਾਮ ਤੇ ਕ੍ਰਿਸ਼ਨ ਆਦਿਕ ਰੂਪਾਂ ਵਿਚ) ਆ ਕੇ ਦਸ ਕੁ ਰਾਕਸ਼ਾਂ ਨੂੰ ਮਾਰ ਦਿੱਤਾ, ਅਤੇ ਦੁਨੀਆਂ ਨੂੰ (ਕਰਾਮਾਤਾਂ ਦਾ) ਅਡੰਬਰ (ਪ੍ਰਪੰਚ) ਵਿਖਾ ਕੇ ਆਪਣੇ ਆਪ ਨੂੰ ਵਾਹਿਗੁਰੂ ਅਖਵਾਲਿਆ।

ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ
ਸੋ ਕਿਮ ਜਾਤ ਗਿਨਾਯੋ ॥
ਤਾਂ ਤੇ ਸਰਬ ਕਾਲ ਕੇ ਅਸਿ ਕੋ
ਘਾਇ ਬਚਾਇ ਨ ਆਯੋ ॥

ਭੰਜਨ – ਭੰਨਣ, ਮਾਰਨ। ਗੜ੍ਹਨ - ਬਣਾਉਣ, ਰਚਣ।
ਸਮਰਥ - ਸਭ ਕੁਝ ਕਰਨ ਦੇ ਜੋਗ।
ਸੋ ਕਿਮ - ਉਹ [ਪ੍ਰਭੂ] ਕਿਵੇਂ। ਜਾਤ ਗਿਨਾਯੋ – ਜਨਮ ਲੈਣ ਵਾਲਾ ਜੀਵ ਕਿਵੇਂ ਜਾਣ ਲਿਆ ? ਤਾਂ ਤੇ - ਇਸ ਲਈ।
ਸਰਬ ਕਾਲ – ਸਭ ਦੀ ਮੌਤ ਕਰਨ ਵਾਲਾ ਪ੍ਰਭੂ। ਅਸਿ ਕੋ ਘਾਇ – ਤਲਵਾਰ {ਕਾਲ ਜਾਂ ਮੌਤ] ਦੇ ਵਾਰ ਤੋਂ।
ਬਚਾਇ ਨਾ ਆਯੋ– ਬਚਣਾ ਨਾ ਆਇਆ।

ਅਰਥ – ਜਿਸ ਵਾਹਿਗੁਰੂ ਦੇ ਜੰਮਣਾ ਮਰਨਾ ਵੱਸ ਵਿਚ ਹੈ, ਉਸ ਨੂੰ {ਜੰਮਣ ਮਰਨ ਵਾਲੇ ਜੀਵਾਂ ਦੀ} ਗਿਣਤੀ ਵਿਚ ਕਿਵੇਂ ਗਿਣਿਆ ਜਾ ਸਕਦਾ ਹੈ ? {ਫਿਰ ਇਨ੍ਹਾਂ ਆਪਣੇ ਆਪ

ਨੂੰ ਬ੍ਰਹਮ ਕਹਾਣ ਵਾਲੇ ਦੇਵਤਿਆਂ ਨੂੰ} ਉਸ ਸਰਬ ਕਾਲ [ਸਭ ਦੀ ਮੌਤ ਕਰਨ ਵਾਲੇ ਜਾਂ ਇਕ ਰਸ] ਦੀ {ਕਾਲ ਰੂਪ} ਤਲਵਾਰ ਦੇ ਵਾਰ ਤੋਂ ਬਚਣਾ ਵੀ ਨਹੀਂ ਆਉਂਦਾ, ਅਰਥਾਤ ਨਹੀਂ ਬਚ ਸਕਦੇ। ਵਾਕ ਵੀ ਹੈ-''ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ। ਕਾਲ ਪਾਇ ਕਰ ਬਿਸ਼ਨ ਪ੍ਰਕਾਸਾ। ਸਕਲ ਕਾਲ ਕਾ ਕੀਆ ਤਮਾਸਾ।''

ਭਾਵ- ਇਹ ਸਾਰੇ [ਕਿਰਤਮ] ਉਸ ਸਰਬ ਕਾਲ ਦੀ ਆਗਿਆ ਵਿਚ ਆਉਂਦੇ ਜਾਂਦੇ ਹਨ। ਤਾਂ ਫਿਰ ਇਹ (ਦੇਵਤੇ) ਆਪਣੇ ਆਪ ਨੂੰ ਬ੍ਰਹਮ (ਪ੍ਰਭੂ) ਨਹੀਂ ਕਹਾ ਸਕਦੇ। ਇਸ ਭਾਵ ਨੂੰ ਸ੍ਰੀ ਦਸਮੇਸ਼ ਜੀ ਨੇ ਅੱਗੇ ਅੱਠਵੇਂ ਸ਼ਬਦ ਵਿਚ ਵੀ ਖੋਲ੍ਹਿਆ ਹੈ।

ਕੈਸੇ ਤੋਹਿ ਤਾਰ ਹੈ ਸੁਨ ਜੜ੍ਹ, ਆਪ ਡੁਬਯੋ ਭਵ ਸਾਗਰ ॥ ਛੁਟਿਹੋ ਕਾਲ ਫਾਸਿ ਤੇ ਤਬਹੀ, ਗਹੋ ਸਰਣਿ ਜਗ ਤਾਗਰ ॥ 5 ॥

ਕੈਸੇ - ਕਿਵੇਂ। ਤੋਹਿ - ਤੈਨੂੰ। ਸੁਨ- ਸੁੰਨ, ਨਿਰਜੀਵ ਤਾਰ ਹੈ - ਮੁਕਤ ਕਰਨਗੇ। ਜੜ੍ਹ - ਮੂਰਖ, ਬੇਸਮਝ ਡੁਬਯੋ ਭਵਸਾਗਰ - ਸੰਸਾਰ ਸਾਗਰ ਵਿਚ ਡੁਬ ਗਏ, ਭਾਵ ਜੰਮਣ ਮਰਨ ਦੇ ਗੇੜ ਵਿਚ ਪਏ ਰਹੇ। ਛੁਟਿਹੋ - ਛੁਟਕਾਰਾ ਹੋ ਸਕਦਾ ਹੈ। ਕਾਲ ਫਾਸ ਤੇ - ਮੌਤ ਦੀ ਫਾਂਸੀ {ਫਾਹੀ} ਤੋਂ ਤਬ ਹੀ - ਤਾਂ ਹੀ। ਗਹੋ ਸਰਣ - ਓਟ ਜਾਂ ਸਹਾਰਾ ਲਵੇਂ

ਜਗਤਾਗਰ - ਸੰਸਾਰ ਤੋਂ ਪਹਿਲੇ ਹੋਣ ਵਾਲਾ ਜਾਂ ਜਗਤ ਦਾ ਮੁੱਢ-ਮੂਲ।

ਅਰਥ - ਐ {ਇਨ੍ਹਾਂ ਅਵਤਾਰਾਂ ਦੀਆਂ ਮੂਰਤੀਆਂ ਪੂਜਣ ਵਾਲੇ ਮੂਰਖ ਪੁਜਾਰੀ !} ਇਹ ਸੁੰਨ {ਨਿਰਜੀਵ} ਮੂਰਤੀਆਂ ਤੈਨੂੰ ਕਿਵੇਂ ਤਾਰਨਗੀਆਂ ? ਜੋ ਆਪ ਹੀ ਇਸ ਸੰਸਾਰ ਦੇ ਸਮੁੰਦਰ ਵਿਚ ਰੱਖਿਆਂ ਡੁੱਬ ਜਾਂਦੀਆਂ ਹਨ। {ਹੇ ਭਾਈ} ਕਾਲ ਦੀ ਫਾਂਸੀ ਤੋਂ ਤੂੰ ਤਾਂ ਹੀ ਬਚ ਸਕਦਾ ਹੈਂ, ਜੇ ਜਗਤ ਦੇ ਮੁੱਢ {ਵਾਹਿ-ਗੁਰੂ} ਦੀ ਓਟ (ਸ਼ਰਣ) ਗ੍ਰਹਿਣ ਕਰ ਲਵੇਂ।

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਿਣਾ ॥

ਮਿਤ੍ਰ ਪਿਆਰੇ ਨੂੰ – ਵਾਹਿਗੁਰੂ ਨੂੰ। ਕਹਿਣਾ - ਕਥਨ, ਵਰਨਣ। ਹਾਲ ਮੁਰੀਦਾਂ ਦਾ ਕਹਿਣਾ - ਦਾਸਾਂ ਦਾ ਚੜ੍ਹਦੀਆਂ ਕਲਾਂ ਤੇ ਪ੍ਰੇਮੀਆਂ ਦੀ ਪ੍ਰੇਮ ਦਸ਼ਾ ਦਾ ਹਾਲ ਵਾਹਿਗੁਰੂ ਨੂੰ ਹਾਜ਼ਰ ਜਾਣ ਕੇ ਕਹਿ ਰਹੇ ਹਾਂ। ਤੁਧ ਬਿਨ - (ਹੇ ਵਾਹਿਗੁਰੂ) ਤੇਰੇ ਬਿਨਾ। ਰੋਗ - ਬਿਮਾਰੀ। ਰਜ਼ਾਈਆਂ – ਰਜ਼ਾਈ ਦਾ ਬਹੁ-ਵਚਨ, ਜੋ ਕਿ ਠੰਢ ਤੋਂ ਬਚਣ ਲਈ ਰੂੰ ਪਾ ਕੇ ਬਣਾਈ ਜਾਂਦੀ ਹੈ। ਓਢਣ – ਉਪਰ ਲੈਣਾ ਭਾਵ ਸੁਹਣਿਆਂ ਬਿਸਤਰਿਆਂ ਤੇ ਸੌਣਾ। ਨਾਗ – ਸੱਪ। ਨਿਵਾਸਾਂ - ਨਿਵਾਸ [ਘਰ] ਦਾ ਬਹੁ ਵਚਨ

ਰਹਿਣਾ - ਵਸਣਾ।

ਅਰਥ - (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਹੇ ਪਿਆਰੇ ਵਾਹਿਗੁਰੂ) (ਮੈਂ) ਤੇਰੇ ਦਾਸਾਂ ਦਾ ਹਾਲ ਵਰਨਣ ਕਰਦਾ ਹਾਂ ਕਿ (ਉਹ ਦਾਸ) ਤੇਰੀ ਯਾਦ ਤੋਂ ਬਿਨਾਂ (ਸੁਹਣੇ ਸੁਹਣੇ ਇਸਤ੍ਰੀਆਂ) ਤੇ ਸੌਣ ਨੂੰ ਬੀਮਾਰੀ, ਅਤੇ ਸੁਹਣੇ ਸੁਹਣੇ ਘਰਾਂ ਵਿਚ ਰਹਿਣ ਨੂੰ ਸੱਪਾਂ ਦੀਆਂ ਖੁੱਡਾਂ ਵਿੱਚ ਰਹਿਣ ਦੇ ਸਮਾਨ ਸਮਝਦੇ ਹਨ।

ਸੂਲ ਸੁਰਾਹੀ ਖੰਜਰੁ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ॥ ਯਾਰੜੇ ਦਾ ਸਾਨੂੰ ਸੱਥਰੁ ਚੰਗਾ, ਭੱਠ ਖੇੜਿਆਂ ਦਾ ਰਹਣਾ॥ ॥6॥

ਸੂਲ - ਤ੍ਰਿ-ਸੂਲ। ਸੁਰਾਹੀ - ਲੰਮੇ ਪਤਲੇ ਗਲ ਵਾਲਾ ਸ਼ਰਾਬ ਦਾ ਭਾਂਡਾ। ਖੰਜਰ - ਛੋਟੀ ਕ੍ਰਿਪਾਨ ਜਾਂ ਛੁਰੇ ਵਰਗਾ ਹਥਿਆਰ। ਪਿਆਲਾ - ਕੌਲਾ। ਬਿੰਗੀ – ਵਿਅੰਗ, ਵਿੰਗੀ ਗੱਲ, ਜਿਸ ਵਿੱਚ ਗੁੱਝੀ ਰਮਜ਼ ਹੋਵੇ। ਕਸਾਈ – ਕਸਾਬ, ਮਾਸ ਵੱਢ ਕੇ ਵੇਚਣ ਵਾਲਾ ਬੁੱਚੜ। ਯਾਰੜੇ ਦਾ - ਪਿਆਰੇ ਮਿਤਰ ਦਾ, ਪ੍ਰਭੂ ਦੀ ਯਾਦ ਵਿੱਚ। ਸੱਥਰ - ਭੁੰਵੇ ਸੌਣਾ। ਖੇੜਿਆਂ - ਖੁਸ਼ੀਆਂ। ਭੱਠ - ਵੱਡਾ ਚੁਲ੍ਹਾ, ਆਵਾ।

ਅਰਥ - (ਹੇ ਪ੍ਰਭੂ ਤੇਰੀ ਯਾਦ ਤੋਂ ਬਿਨਾਂ ਸਾਨੂੰ) ਸ਼ਰਾਬ ਦੀ ਸੁਰਾਹੀ ਤਿਰਸੂਲ, ਸ਼ਰਾਬ ਦਾ ਪਿਆਲਾ ਖੰਜਰ ਵਾਂਗ (ਮਾਰੂ ਹਥਿਆਰ ਦਿਸਦੇ ਹਨ) ਅਤੇ ਹਾਸ-ਬਿਲਾਸ ਭਰੇ ਵਿੰਗੇ ਵਾਕ ਤਾਂ

ਾਨੂੰ ਅਜਿਹਾ ਕਸ਼ਟ ਮਲੂਮ ਦਿੰਦੇ ਹਨ, ਜੇਹਾ ਕਿ ਬੁਰਬੜ ਜੀਵਾਂ ਨੂੰ ਤਰਸਾ ਤਰਸਾ ਕੇ ਮਾਰਨ ਨਾਲ ਦਿੰਦੇ ਹਨ। ਹੇ ਪਰਮ ਪਿਆਰੇ ਪ੍ਰਭੂ ਤੇਰੀ ਯਾਦ (ਸਾਡੇ ਦਿਲਾਂ ਵਿਚ ਕਾਇਮ ਰਹੇ) ਇਸ ਦੇ ਹੁੰਦਿਆਂ ਸਾਨੂੰ ਭੁੰਞੇ ਸੌਣਾ ਵੀ ਚੰਗਾ ਲੱਗਦਾ ਹੈ, ਪਰ ਤੇਰੀ ਯਾਦ ਤੋਂ ਖਾਲੀ ਖੁਸ਼ੀਆਂ ਖੇੜਿਆਂ ਵਿੱਚ ਰਹਿਣਾ, ਭੱਠ ਵਿੱਚ ਪੈ ਕੇ ਸੜਨ ਦੇ ਸਮਾਨ ਹੈ।

ਭਾਵ - ਇਸ ਸ਼ਬਦ ਦਾ ਸਿਰਲੇਖ ਸ੍ਰੀ ਦਸਮੇਸ਼ ਜੀ ਨੇ ਖਿਆਲ ਪਾ: ੧੦ (ਦਸਵੀਂ) ਲਿਖਿਆ ਹੈ। ਸੰਗੀਤ ਦੀ ਬੋਲੀ ਵਿਚ ਇਕ ਗੀਤ ਦੀ ਬੰਦਸ਼ ਨੂੰ ਖਿਆਲ ਕਹਿੰਦੇ ਹਨ। ਤਦਵੀ ਇਹ ਬੰਦਸ਼ ਸ੍ਰੀ ਦਸਮੇਸ਼ ਜੀ ਦੀ ਗਾਉਣ ਦੇ ਪਹਿਲੂ ਤੋਂ ਬੜੀ ਰਸਦਾਇਕ ਤੇ ਮਨ ਨੂੰ ਗੜੂੰਦ ਕਰ ਦੇਣ ਵਾਲੀ ਹੈ।

ਸਿਖਿਆ ਦੇ ਪਹਿਲੂ ਤੋਂ ਬੜੀ ਜ਼ੋਰਦਾਰ ਤੇ ਓਜਸਵੀ ਬਾਣੀ ਹੈ। ਦੱਸਿਆ ਗਿਆ ਹੈ ਕਿ ਪ੍ਰਭੂ ਨੂੰ ਭੁਲਾ ਕੇ ਰੰਗ ਰਲੀਆਂ ਮਾਨਣਾ, ਐਸ਼ੋ ਇਸ਼ਰਤ ਦੇ ਸਾਮਾਨ ਪੈਦਾ ਕਰਨਾ, ਸੁਹਣੇ ਮਖਮਲੀ ਬਿਸਤਰਿਆਂ ਅਤੇ ਮਹਿਲਾਂ ਵਿੱਚ ਸੌਣਾ, ਇਹ ਸੱਭ ਸੱਪਾਂ ਦੀ ਜ਼ਹਿਰ ਤੇ ਖੁੱਡਾਂ ਵਿਚ ਰਹਿਣਾ ਅਤੇ ਮਾਰੂ ਹਥਿਆਰਾਂ ਦੀਆਂ ਨੋਕਾਂ, ਧਾਰਾਂ ਦੇ ਹੇਠ ਆਪਣੀ ਧੌਣ ਰੱਖਣਾ ਹੈ ਅਤੇ ਭੱਠਾਂ ਵਿੱਚ ਪੈ ਕੇ ਦਾਣਿਆਂ ਦੀ ਤਰ੍ਹਾਂ ਭੁੱਜਣਾ ਹੈ। ਅੰਤ ਵਿੱਚ ਚੜ੍ਹਦੀਆਂ ਕਲਾਂ ਦਾ ਪਰਗਟਾਵਾ ਬੜੇ ਹੀ ਪ੍ਰੇਮ ਭਿੰਨੇ ਸ਼ਬਦਾਂ ਵਿੱਚ ਕੀਤਾ ਗਿਆ ਹੈ। ਕਿ ਭਾਵੇਂ ਪਰਵਾਰ ਵਿਛੜ ਜਾਏ, ਸਿੱਖ ਵਿਛੜ ਜਾਣ, ਪੁਤਰ ਸ਼ਹੀਦੀਆਂ ਪਾ ਜਾਣ, ਬੇਸਰੋ ਸਾਮਾਨੀ

ਦੀ ਹਾਲਤ ਵਿਚ ਮਾਛੀਵਾੜੇ ਦੇ ਜੰਗਲਾਂ ਵਿਚ ਇਕੱਲਿਆਂ ਹੀ ਵਿਚਰਨਾ ਪਏ। ਸੌਣ ਲਈ ਟੁੱਟੀ ਹੋਈ ਟਿੰਡ ਦਾ ਸਰ੍ਹਾਣਾ ਹੀ ਸਹੀ, ਕਿਉਂ ? 'ਯਾਰੜੇ ਦਾ ਸੱਥਰ' ਸਭ ਤੋਂ ਚੰਗਾ ਹੈ 'ਮੁਕਤਲਾਲ ਅਨਿਕ ਭੋਗ, ਬਿਨ ਨਾਮ ਨਾਨਕ ਹਾਤ ॥ ਰੂਖੋ ਭੋਜਨ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥'

'ਹੇ ਨਾਨਕ ! ਮੋਤੀ, ਹੀਰੇ (ਮਾਇਕੀ ਪਦਾਰਥਾਂ) ਦੇ ਅਨੇਕਾਂ ਭੋਗ ਪ੍ਰਭੂ ਦੇ ਨਾਮ ਤੋਂ ਬਿਨਾਂ ਹਾਤ [ਆਤਮਕ ਮੌਤ] ਦਾ ਕਾਰਨ ਹਨ' ਇਸ ਲਈ ਹੇ ਸਹੇਲੀਏ ! ਰੁੱਖੀ ਰੋਟੀ ਖਾਣੀ ਤੇ ਭੁੰਏ ਸੌਣਾ [ਚੰਗਾ ਹੈ, ਕਿਉਂਕਿ] ਪਿਆਰੇ ਪ੍ਰਭੂ ਦੇ ਮੇਲ ਵਿਚ ਜੀਵਣ ਸੁਖ ਨਾਲ ਬੀਤਦਾ ਹੈ।

ਤਿਲੰਗ ਕਾਫੀ ਪਾ: *10* (ਦਸਵੀਂ)

ਤਿਲੰਗ ਅਤੇ ਕਾਫੀ ਦੋ ਵੱਖਰੇ ਵੱਖਰੇ ਰਾਗ ਤੇ ਰਾਗਣੀ ਹੈ। ਪਰ ਜਿੱਥੇ 'ਤਿਲੰਗ-ਕਾਫੀ' ਇਕੱਠਾ ਕਰ ਕੇ ਲਿਖਿਆ ਹੁੰਦਾ ਹੈ ਉਸ ਦਾ ਅਰਥ ਹੈ ਕਿ ਇਨ੍ਹਾਂ ਦੋਹਾਂ ਰਾਗਾਂ ਦੇ ਮੇਲ ਤੋਂ ਇਕ ਵੱਖਰਾ ਰਾਗ ਬਣ ਜਾਂਦਾ ਹੈ। ਜਿਵੇਂ - ਬਸੰਤ ਬਹਾਰ, ਗਾਉੜੀ ਮਾਰਵਾ, ਭੂਪਾਲੀ-ਕਲਿਆਲ ਆਦਿ।

ਕੇਵਲ ਕਾਲਈ ਕਰਤਾਰ ॥ ਆਦਿ ਅੰਤ ਅਨੰਤ ਮੂਰਤਿ, ਗੜ੍ਹਨ ਭੰਜਨਹਾਰ ॥ ੧ ॥ ਰਹਾਉ ॥

ਕੇਵਲ - ਸਿਰਫ, ਹੋਰ ਨਹੀਂ। ਕਾਲ - ਮਹਾਕਾਲ, ਅਕਾਲ ਪੁਰਖ। ਈ - ਯਕੀਨਨ, ਠੀਕ। ਕਰਤਾਰ – ਬਣਾਉਣ

ਵਾਲਾ, ਸਿਰਜਣਹਾਰ ਵਾਹਿਗੁਰੂ। ਆਦਿ – ਪਹਿਲੇ। ਅੰਤ – ਅਖੀਰੀ। ਅਨੰਤ – ਬੇ ਅੰਤ। ਮੂਰਤਿ – ਹੋਂਦ ਗੜ੍ਹਨ – ਬਣਾਉਣ। ਭੰਜਨ – ਭੰਨਣ, ਮਾਰਨ।

ਅਰਥ – (ਇਸ ਦੁਨੀਆਂ ਦਾ) ਬਣਾਉਣ ਵਾਲਾ ਕੇਵਲ ਅਕਾਲ ਪੁਰਖ ਹੀ ਹੈ [ਹੋਰ ਕੋਈ ਨਹੀਂ]। ਇਸ ਦੁਨੀਆ ਦੇ ਸਿਰਜਨ ਤੋਂ) ਪਹਿਲਾਂ ਵੀ ਉਹ ਸੀ। ਅੰਤ ਵਿਚ ਵੀ ਹੋਵੇਗਾ। ਉਸ ਦੀ ਹੋਂਦ ਬੇਅੰਤ ਹੈ। ਜਾਂ ਕਹੋ ਅਕਾਲ ਮੂਰਤਿ (ਕਾਲ ਤੋਂ ਰਹਿਤ ਸਰੂਪ ਜਾਂ ਇਕ ਰਸ ਸਰੂਪ) ਹੈ। ਇਸ ਸ੍ਰਿਸ਼ਟੀ ਦਾ ਬਣਾਉਣਾ [ਪੈਦਾ ਕਰਨਾ] ਤੇ ਢਾਹੁਣਾ (ਅੰਤਕਰ ਦੇਣਾ ਵੀ) ਓਸੇ ਦੇ ਹੱਥ ਹੈ।

ਨਿੰਦਾ ਉਸਤਤਿ ਜੌਨ ਕੈ ਸਮ, ਸਤ੍ਰ ਮਿਤ੍ਰ ਨ ਕੋਇ॥ ਕੌਨ ਬਾਟ ਪਰੀ ਤਿਸੈ; ਪਥ ਸਾਰਥੀ ਰਥ ਹੋਇ॥

ਨਿੰਦਾ – ਝੂਠ ਨਾਲ ਗੁਣਾਂ ਨੂੰ ਔਗੁਣ ਬਣਾਉਣ ਦਾ ਦੋਸ਼। ਉਸਤਤਿ – ਵਡਿਆਈ, ਪ੍ਰਸੰਸਾ। ਜੌਨ ਕੇ – ਜਿਸ (ਪ੍ਰਭੂ) ਦੇ। ਸਮ – ਬਰਾਬਰ। ਸਤਰੁ – ਵੈਰੀ। ਨ ਕੋਇ – ਕੋਈ ਨਹੀਂ ਹੈ। ਕੌਨ – ਕੀ, ਕਿਹੜੀ। ਬਾਟ – ਬਿਪਤਾ, ਮੁਸੀਬਤ। ਤਿਸੈ – ਉਸ ਵਾਹਿਗੁਰੂ ਨੂੰ। ਪਥ – ਪਾਰਥ, ਅਰਜਨ। ਸਾਰਥੀ – ਰਥਵਾਹੀ, ਰਥੀ। ਰਥ – ਚਾਰ ਪਹੀਆਂ ਵਾਲੀ ਦੇਸੀ ਬਲਦ-ਗੱਡੀ

(ਜਿਸ ਪ੍ਰਭ ਦੇ ਲੱਛਣ 'ਰਹਾਉ' ਵਾਲੀ ਪੰਗਤੀ ਵਿਚ ਸ੍ਰੀ ਦਸਮੇਸ਼ ਜੀ ਨੇ ਕੀਤੇ ਹਨ) ਉਸ ਵਾਹਿਗੁਰੂ ਨੂੰ ਨਿੰਦਾ ਉਸਤਤੀ ਬਰਾਬਰ ਹੀ ਹੈ, (ਕਿਉਂਕਿ ਇਹ ਕਿ ਨਿੰਦਾ ਉਸਦਾ ਕੁਝ ਵਿਗਾੜ ਨਹੀਂ ਸਕਦੀ, ਤੇ ਪ੍ਰਸੰਸਾ ਉਸ ਦਾ ਕੁਝ ਸੁਆਰ ਨਹੀਂ ਸਕਦੀ,- " ਜੇ ਸਭਿ ਮਿਲਿ ਕੈ ਆਖਣਿ ਪਾਹਿ ॥ ਵੱਡਾ ਨ ਹੋਵੈ ਘਾਟਿ ਨ ਜਾਇ ॥" ਭਾਵ ਜੇ (ਸੰਸਾਰ ਦੇ ਸਾਰੇ ਪ੍ਰਾਣੀ ਮਿਲ ਕੇ (ਉਸ ਦੀ ਵਡਿਆਈ) ਕਥਨ ਕਰਨ ਲਗ ਜਾਣ, ਤਾਂ ਉਹ ਪ੍ਰਭੂ (ਆਪਣੇ ਅਸਲੇ ਨਾਲੋਂ) ਵਡਾ ਨਹੀਂ ਹੋ ਜਾਂਦਾ ਤੇ ਜੇ ਕੋਈ ਨਾ ਵੀ ਕਰੇ ਤਾਂ ਉਹ ਘਟ ਨਹੀਂ ਜਾਂਦਾ। ਉਸ ਦਾ ਕੋਈ ਵੈਰੀ ਤੇ ਮਿੱਤ੍ਰ ਵੀ ਨਹੀਂ। (ਇਸ ਦਲੀਲ ਦੇ ਅਧਾਰ ਤੇ ਸ੍ਰੀ ਦਸਮੇਸ਼ ਜੀ ਪ੍ਰਸ਼ਨ ਕਰਦੇ ਹਨ) ਕਿ ਫਿਰ (ਉਸ ਕਰਤਾਰ ਨੂੰ) ਕਿਹੜੀ ਬਿਪਤਾ ਪਈ ਹੋਈ ਸੀ? (ਕਿ ਜਿਸ ਦੇ ਦੂਰ ਕਰਨ ਲਈ) ਉਹ (ਕ੍ਰਿਸ਼ਨ ਦਾ ਰੂਪ ਧਾਰ ਕੇ) ਅਰਜਨ ਦਾ ਰਥੀ ਬਣਿਆ? (ਭਾਵ ਕਿ ਜਦ ਉਸ ਲਈ ਕੋਈ ਵੈਰੀ ਤੇ ਮਿਤ੍ਰ ਨਹੀਂ, ਨਾ ਕੋਈ ਪਰਾਇਆ ਤੇ ਬਿਗਾਨਾ ਹੈ। ਫਿਰ ਇਕ ਦੀ ਮਦਦ ਕਰਕੇ ਦੂਜੇ ਨੂੰ ਮਾਰਨ ਦੀ ਉਸ ਨੂੰ ਕੀ ਲੋੜ ਸੀ?

ਤਾਤ ਮਾਤ ਨ ਜਾਤ ਜਾਂ ਕਰ, ਪੁਤ੍ਰ ਪੌਤ੍ਰ ਮੁਕੰਦ ॥ ਕਉਨ ਕਾਜ ਕਹਾਹਿੰਗੇ ਤੇ ਆਨ ਦੇਵਕਿ ਨੰਦ ।

ਤਾਤ – ਪਿਤਾ। ਮਾਤ - ਮਾਤਾ, ਮਾਂ। ਜਾਤ - ਜਨਮ।

ਜਾਂਕਰ - ਜਿਸ ਦਾ। ਪੌਤ੍ਰ - ਪੁੱਤ ਦਾ ਪੁੱਤ। ਮੁਕੰਦ - ਮੁਕਤੀ ਦਾਤਾ। ਕਉਨ ਕਾਜ - ਕਿਹੜੇ ਕੰਮ। ਆਨ - ਆ ਕੇ, ਜਨਮ ਕੇ। ਦੇਵਕਿ - ਸ੍ਰੀ ਕ੍ਰਿਸ਼ਨ ਜੀ ਦੀ ਮਾਤਾ। ਨੰਦ - ਪੁੱਤ।

ਅਰਥ - ਜਿਸ (ਪ੍ਰਭੂ) ਦੇ ਮਾਪਿ, ਪੁਤ੍ਰ ਤੇ ਪੋਤ੍ਰੇ ਕੋਈ ਨਹੀਂ ਭਾਵ ਸੰਸਾਰੀ ਮਨੁੱਖਾਂ ਵਾਂਗ ਉਹਦੇ ਅੰਗ-ਸਾਕ ਨਹੀਂ ਹਨ) ਤੇ ੳਹ ਸਭ ਦਾ ਮੁਕਤੀ ਦਾਤਾ ਹੈ (ਇਸ ਦਲੀਲ ਅਨੁਸਾਰ) ਤੁਸੀਂ ਦੱਸੋ ਉਹ ਪ੍ਰਭੂ ਦੇਵਕੀ (ਕ੍ਰਿਸ਼ਨ ਜੀ ਦੀ ਮਾਤਾ) ਦਾ ਪੁੱਤਰ (ਕ੍ਰਿਸਨ) ਬਣ ਕੇ, ਕਿਸ ਲੋੜ ਨੂੰ ਮੁੱਖ ਰੱਖ ਕੇ ਆਇਆ ਸੀ ? ਭਾਵ ਸਪੱਸ਼ਟ ਹੈ, ਕਿ ਉਹ ਅਜਨਮਾ ਹੈ, ਜਨਮ ਨਹੀਂ ਲੈਂਦਾ। (ਭੁਲੇਖੇ ਵਿਚ ਕਿਉਂ ਪਏ ਹੋ?)

ਦੇਵ ਦੈਤ ਦਿਸਾ ਵਿਸਾ, ਜਿਹ ਕੀਨ ਸਰਬ ਪਸਾਰ ॥ ਕੌਨ ਉਪਮਾ ਤੌਨ ਕੋ, ਮੁਖ ਲੇਤ ਨਾਮੁ ਮੁਰਾਰ ॥ ॥7॥

ਦੇਵ - ਦੇਵਤੇ। ਦੈਤ - ਰਾਖਸ਼। ਦਿਸਾ - ਤਰਫਾਂ। ਵਿਸਾ - ਬਿਦਿਸਾ, ਦਿਸਾਵਾਂ ਦੇ ਵਿਚਕਾਰ ਦੀਆਂ ਉਪ (ਛੋਟੀਆਂ) ਦਿਸਾਵਾਂ। ਜਿਹ ਕੀਨ - ਜਿਸ ਪ੍ਰਭੂ ਨੇ ਬਣਾਈਆਂ ਹਨ। ਸਰਬ ਪਸਾਰ - ਸਾਰੀ ਦੁਨੀਆਂ ਦੀ ਇਹ ਰਚਨਾ ਰਚੀ ਹੈ। ਕੌਨ ਉਪਮਾ - ਕੀ ਵਡਿਆਈ ਹੈ? ਇਹ ਤਾਂ ਰੱਬੀ ਸ਼ਕਤੀ ਦੀ ਮਹਾਨਤਾ ਅੱਗੇ ਕੁਝ ਵੀ ਨਹੀਂ।

ਤੋਨ ਕੋ - ਤਿਸ {ਉਸ ਪ੍ਰਭੂ} ਦੀ।
ਮੁਖ ਲੇਤ - ਮੂੰਹ ਤੋਂ ਕਹਿ ਛੱਡਣਾ।
ਮੁਰਾਰਿ - ਮੁਰ ਅਰੀ,-ਮੁਰ (ਦੈਂਤ) ਨੂੰ ਮਾਰਨ ਵਾਲਾ।

ਅਰਥ – (ਜਿਸ ਪ੍ਰਭੂ ਨੇ) ਦੇਵਤੇ, ਰਾਕਸ਼, ਦਸੋ ਦਿਸ਼ਾਵਾਂ ਆਦਿ ਰਚ ਕੇ [ਇੱਡਾ ਵੱਡਾ] ਪਸਾਰਾ ਕੀਤਾ ਹੈ, ਉਸ ਨੂੰ ਇਹ ਕਹਿ ਕੇ ਵਡਿਆਉਣਾ ਕਿ ਉਸ ਨੇ ਮੁਰ ਦੈਂਤ ਨੂੰ ਮਾਰਿਆ ਸੀ। ਭਲਾ ਸੋਚ ਕੇ ਦੱਸੋ ਕਿ ਇੰਨੀ ਵੱਡੀ ਰਚਨਾ ਰਚਨ ਵਾਲੇ ਦੀ ਇਹ ਕਿੱਡੀ ਕੁ ਵਡਿਆਈ ਹੈ? ਅਰਥਾਤ ਕੁਝ ਵੀ ਨਹੀਂ।

ਭਾਵ – ਸ੍ਰੀ ਦਸਮੇਸ਼ ਜੀ ਨੇ ਫੁਰਮਾਇਆ ਹੈ ਕਿ ਉਹ ਪ੍ਰਭੂ 'ਕਾਲ ਤੋਂ ਰਹਿਤ' ਸਰੂਪ ਤੇ ਸਰਬ ਸ਼ਕਤੀਮਾਨ ਹੈ, ਉਸ ਉਤੇ ਉਸਤਤ ਨਿੰਦਾ ਦਾ ਕੋਈ ਚੰਗਾ ਮਾੜਾ ਅਸਰ ਨਹੀਂ ਅਤੇ ਨਾ ਹੀ ਉਸ ਦਾ ਕੋਈ ਵੈਰੀ ਮਿੱਤ੍ਰ ਹੈ। ਫਿਰ ਨਾ ਹੀ ਉਸ ਦਾ ਦੁਨਿਆਵੀ ਮਨੁੱਖਾਂ ਵਾਂਗ ਕੋਈ ਅੰਗ ਸਾਕ ਹੈ, ਤੇ ਸਾਰੀ ਰਚਨਾ ਦਾ ਰਚਨਹਾਰ ਵੀ ਉਹੀ ਇਕ ਹੈ। ਅਜਿਹੇ ਲੱਛਣਾਂ ਵਾਲੇ ਸੁਰੂਪ ਨੂੰ ਤੁਸੀਂ ਕਿਸੇ ਦਾ ਪੁੱਤ੍ਰ ਕਲਪ ਕੇ, ਇਕ ਦਾ ਪੱਖ ਕਰਦਾ ਤੇ ਦੂਜੇ ਨੂੰ ਮਾਰਦਾ ਕਹਿ ਕੇ, ਨਿੰਦਾ ਨਹੀਂ ਕਰ ਰਹੇ ਤਾਂ ਹੋਰ ਕੀ ਕਰ ਰਹੇ ਹੋ। ਬਲਕਿ ਨਾ ਕੇਵਲ ਉਸ ਦੀ ਨਿੰਦਾ ਕਰਦੇ ਹੋ, ਸਗੋਂ ਮਾਨ ਯੋਗ ਉਸ ਹਸਤੀ ਦੀ ਵੀ ਨਿੰਦਾ ਕਰ ਰਹੇ ਹੋ, ਜੋ ਉਸ ਦਾ ਬਣਾਇਆ ਹੋਇਆ ਹੈ, ਤੇ ਉਸ ਪ੍ਰਭੂ ਨੇ ਉਸ ਵਿਚ ਆਪਣੀ ਸ਼ਕਤੀ ਦਾ ਕੁਝ ਅੰਸ਼ ਹੋਰ ਮਨੁਖਾਂ ਨਾਲੋਂ ਵਧੇਰੇ ਰੱਖ ਕੇ, ਉਸ ਨੂੰ ਬੁਰੇ ਮਨੁਖਾਂ ਰਾਕਸ਼ਾਂ ਦੇ ਮਾਰਨ ਲਈ ਸਮਰੱਥ ਬਣਾ

ਕੇ ਮਾਣ ਬਖਸ਼ਿਆ ਹੈ। ਤੁਸੀਂ ਆਪ ਹੀ ਸੋਚੋ ਕਿ ਜਿਸ ਨੂੰ ਪ੍ਰਭੂ ਨੇ ਇਹ ਵਡਿਆਈ ਬਖਸ਼ੀ ਹੋਵੇ, ਕੀ ਉਸ ਦੀ ਆਤਮਾਂ ਇਹ ਮੰਨਦੀ ਹੋਵੇਗੀ ਕਿ ਮੈਨੂੰ ਹੀ ਪ੍ਰਮਾਤਮਾ ਮੰਨਿਆ ਜਾਵੇ। ਕੀ ਕੀ ਇਹ ਸਤੁਤੀ ਵਿਆਜ ਨਿੰਦਾ (ਵਡਿਆਈ ਦੇ ਬਹਾਨੇ ਨਿੰਦਾ) ਨਹੀਂ ਬਣ ਗਈ ? ਕਿਸੇ ਸੁਕੜੂ ਤੇ ਮਰੀਅਲ ਜਿਹੇ ਬੰਦੇ ਨੂੰ ਕੋਈ ਪਹਿਲਵਾਨ ਆਖ ਕੇ ਉਸ ਦੀ ਨਿੰਦਾ ਹੀ ਕਰਦਾ ਹੈ। ਵੇਖੋ ਜੇ ਪ੍ਰਭੂ ਆਪਣੀ ਸ਼ਕਤੀ ਨਿੱਕੀ ਜਿਹੀ ਕੀੜੀ ਵਿਚ ਰੱਖ ਦੇਵੇ, ਤੇ ਉਸ ਨੂੰ ਸਭ ਮਨੁੱਖਾਂ ਤੋਂ ਬਲਵਾਨ ਬਣਾ ਦੇਵੇ, (ਜਿਵੇਂ - 'ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥' ਕੀ ਫਿਰ ਉਹ ਕੀੜੀ ਈਸ਼ਵਰ ਬਣ ਗਈ? ਕੀ ਉਸ ਕੀੜੀ ਦੀ ਆਤਮਾ ਇਸ ਪ੍ਰਸੰਸਾ ਨੂੰ ਪ੍ਰਵਾਨ ਕਰੇਗੀ ? ਕਦੇ ਵੀ ਨਹੀਂ, ਸਗੋਂ ਕਹੇਗੀ ਕਿ ਇਹ ਤਾਂ ਮੇਰੀ ਨਿੰਦਾ ਹੈ। ਸਿਧਾਂਤ ਇਹ ਕਿ ਜਿਸ ਉਤੇ ਮਿਹਰਬਾਨ ਦੀ ਮਿਹਰ ਹੋ ਜਾਏ, ਉਸ ਨੂੰ ਆਮ ਨਾਲੋਂ ਉਚ ਹਸਤੀ ਮੰਨ ਕੇ ਆਦਰ ਸਤਿਕਾਰ ਜਾਂ ਇਜ਼ਤ ਮਾਣ ਦਿਤਾ ਜਾਣਾ ਤਾਂ ਇਨਸਾਨੀਅਤ ਹੈ। ਪਰ ਪਰਮਾਤਮਾ ਕਹਿਣਾ ਤਾਂ ਦੋਹਾਂ ਦੀ ਨਿੰਦਾ ਹੈ। ਇਸ ਲਈ ਰੱਬੀ ਅਸੂਲ ਦੇ ਉਲਟ ਪਰਚਾਰਨਾ ਤੇ ਨਿੰਦਾ ਕਰਨਾ, ਦੋਹਾਂ ਤੋਂ ਬਚੋ ਤੇ ਭੁਲੇਖਾ ਕੱਢੋ।

ਰਾਗ ਬਿਲਾਵਲ ਪਾਤਿਸ਼ਾਹੀ ੧੦

ਸੋ ਕਿਮ ਮਾਮਸ ਰੂਪ ਕਹਾਏ ॥ ਸਿਧ ਸਮਾਧਿ ਸਾਧ ਕਰ ਹਾਰੇ, ਕਿਉਂਹੂੰ ਨ ਦੇਖਨ

ਪਾਏ ॥੧॥ ਰਹਾਉ ॥

ਸਿਧ – ਸਿੱਧੀ ਵਾਲਾ, ਅਲੌਕਿਕ ਸ਼ਕਤੀ ਵਾਲਾ, ਸਫਲ।
ਸਮਾਧਿ - ਚੰਗੀ ਤਰ੍ਹਾਂ ਚਿਤ ਦੇ ਠਹਿਰਾਉਣ ਦੀ ਕਿਰਿਆ।
ਸਾਧ - ਸਾਧਣਾ, ਧਿਆਨ ਜਮਾਉਣਾ, ਸਾਧਨਾ ਕਰਨੀ।
ਕਿਉਂਹੂੰ - ਕਿਵੇਂ ਵੀ।   ਨਾ ਦੇਖਨ ਪਾਏ - ਦੇਖ ਨਹੀਂ ਸਕੇ।

ਅਰਥ - (ਜਿਸ ਪ੍ਰਭੂ ਨੂੰ ਦੇਖਣ ਲਈ) ਸਿਧ ਲੋਕ ਧਿਆਨ ਜਮਾਉਣ ਦੇ ਸਾਧਨ, ਸਮਾਧੀ ਆਦਿਕ ਕਰ ਕਰ ਕੇ ਹਾਰ ਗਏ, ਪਰ ਉਹ ਉਨ੍ਹਾਂ ਨੂੰ ਨਜ਼ਰ ਨਹੀਂ ਆਇਆ; (ਤਾਂ ਦੱਸੋ ਇਹੋ ਜਿਹੇ) ਸਰੂਪ ਵਾਲਾ ਪ੍ਰਭੂ ਮਨੁੱਖੀ ਜਾਮਾ (ਸਰੀਰ) ਧਾਰ ਕੇ ਕਿਵੇਂ ਮਨੁੱਖ ਬਣ ਸਕਦਾ ਹੈ।

ਨਾਰਦ ਬਿਆਸ ਪਰਾਸਰ ਧਰੂਅ ਸੇ,
ਧਿਆਵਤ ਧਿਆਨ ਲਗਾਏ ॥
ਬੇਦ ਪੁਰਾਨ ਹਾਰ ਹਠ ਛਾਡਿਓ,
ਤਦਪਿ ਧਿਆਨ ਨ ਆਏ ॥

ਨਾਰਦ - ਇਕ ਰਿਖੀ ਜਿਸ ਦੀ ਭਗਤੀ ਨੂੰ ਹਿੰਦੂ ਮੱਤ ਵਾਲੇ ਸਭ ਤੋਂ ਚੰਗੀ ਜਾਣਦੇ ਹਨ।

ਬਿਆਸ – ਇਕ ਰਿਖੀ ਜਿਸ ਦਾ ਵੇਦਾਂ ਦੀ ਵੰਡ ਪੁਰਾਣ ਕਥਾ ਦਾ ਵਿਸਥਾਰ ਕਰਨ ਕਰ ਕੇ ਇਹ ਨਾਂ ਪਿਆ।

ਪਰਾਸਰ - ਇੰਦੂ, ਜਾਂ ਇੱਕ ਵੇਦਿਕ ਰਿਸ਼ੀ । ਧਰੂਅ - ਇੱਕ ਭਗਤ, ਜੋ ਰਾਜਾ ਉੱਤਾਨਪਾਦ ਦਾ ਪੁੱਤਰ ਸੀ । ਬੇਦ - ਹਿੰਦੂ ਧਰਮ ਦੀਆਂ ਚਾਰ ਧਰਮ ਪੁਸਤਕਾਂ । ਪੁਰਾਣ - ਮਤੀ ਪ੍ਰਾਚੀਨ ਸਮੇਂ ਦਾ ਹਿੰਦੂ-ਧਰਮ ਦਾ ਇਤਹਾਸ (ਜਿਸ ਨੂੰ ਅੱਜ ਕਲ ਮਿਥਿਹਾਸ ਕਹਿੰਦੇ ਹਨ) ਦੀਆਂ ਅਠਾਰਾਂ ਪੁਸ-ਤਕਾਂ ਜੋ ਬਿਆਸ ਰਿਸ਼ੀ ਜਾਂ ਉਸ ਦੇ ਨਾਂ ਤੇ ਹੋਰਾਂ ਨੇ ਰਚੀਆਂ । ਹਠ - ਜ਼ਿਦ। ਤਦਪਿ - ਤਾਂ ਵੀ ।

ਅਰਥ - (ਉਸ ਵਾਹਿਗੁਰੂ ਨੂੰ ਦੇਖਣ ਲਈ) ਨਾਰਦ, ਬਿਆਸ, ਪਰਾਸਰ ਤੇ ਧਰੂਅ ਵਰਗੇ ਰਿਸ਼ੀਆ ਤੇ ਭਗਤਾ ਨੇ ਬੜਾ ਹੀ ਧਿਆਨ ਜਮਾ ਕੇ ਸਿਮਰਿਆ ਅਤੇ ਚੌਹਾਂ ਵੇਦਾਂ ਤੇ ਅਠਾਰਾਂ ਪੁਰਾਣ ਆਦਿ ਧਾਰਮਕ ਕਿਤਾਬਾਂ (ਤੇ ਇਨ੍ਹਾਂ ਦੇ ਰਚਤਿਆਂ ਨੇ ਵੀ) ਸਰੀਰ ਰੂਪ ਵਿੱਚ ਦੇਖਣ ਦੀ ਹਾਰ ਕੇ ਜ਼ਿਦ ਛੱਡ ਦਿੱਤੀ (ਕਿਉਂਕਿ ਉਸ ਨੂੰ ਸਾਰੇ ਦਾ ਸਾਰਾ) ਇੱਨੀ ਮਿਹਨਤ ਕਰਨ ਦੇ ਬਾਵਜੂਦ ਵੀ ਕੋਈ ਨਾ ਦੇਖ ਸਕਿਆ ।

ਦਾਨਵ ਦੇਵ ਪਿਸਾਚ ਪ੍ਰੇਤ ਤੇ, ਨੇਤਹਿ ਨੇਤ ਕਹਾਏ ॥ ਸੂਛਮ ਤੇ ਸੂਛਮ ਕਰ ਚੀਨੇ, ਬ੍ਰਿਧਨ ਬ੍ਰਿਧ ਬਤਾਏ ॥੪॥

ਦਾਨਵ - ਰਾਖਸ਼ । ਦੇਵ - ਦੇਵਤੇ । ਪਿਸਾਚ - ਇਕ ਤਰਾਂ ਦੇ ਰਾਖਸ਼ । ਪ੍ਰੇਤ - ਭੂਤ । ਨੇਤਿ - ਨਾ ਇਤੀ, ਜਿਸ ਦਾ ਕੋਈ ਅੰਤ ਨਹੀਂ, ਬੇਅੰਤ । ਸੂਛਮ - ਸੂਖਮ, ਬਹੁਤ ਹੀ ਬਰੀਕ । ਚੀਨੇ - ਦੇਖਿਆ, ਸਮਝਿਆ । ਬ੍ਰਿਧਨ ਬ੍ਰਿਧ -

ਵੱਡਿਆਂ ਤੋਂ ਵੱਡਾ।

ਅਰਥ – {ਉਸ ਵਾਹਿਗੁਰੂ ਨੂੰ ਇਨ੍ਹਾਂ ਦਿਸਦੀਆਂ ਤੇ ਅਣ-ਦਿਸਦੀਆਂ ਜੂਨਾਂ} ਰਾਕਸ਼, ਦੇਵਤੇ, ਭੂਤ ਪਰੇਤਾਂ ਦੇ ਬੇਅੰਤ ਕਹਿਣ ਤੋਂ ਇਲਾਵਾ ਸੂਖਮ ਤੋਂ ਸੂਖਮ ਵੱਡੇ ਤੋਂ ਵੱਡਾ ਕਰਕੇ ਦਰਸਾਇਆ ਹੈ।

ਭੂਮਿ ਅਕਾਸ ਪਤਾਲ ਸਭੈ ਸਜ, ਏਕ ਅਨੇਕ ਸਦਾਏ ॥ ਸੋ ਨਰ ਕਾਲ ਫਾਸਿ ਤੇ ਬਾਚੇ, ਜੋ ਹਰਿ ਸ਼ਰਣ ਸਿਧਾਏ ॥੪॥

ਭੂਮਿ - ਧਰਤੀ। ਅਕਾਸ਼ – ਅਸਮਾਨ। ਪਤਾਲ - ਹੇਠਲੀ ਦੁਨੀਆਂ। ਸਭੈ - ਸਾਰੇ। ਸਜ - ਸਜਾ ਕੇ ਬਣਾ ਕੇ। ਏਕ ਅਨੇਕ - ਇਕ ਤੋਂ ਬਹੁਤ ਸਾਰੇ ਰੂਪ ਧਾਰ ਕੇ। ਕਾਲ ਫਾਸਿ – ਕਾਲ [ਮੌਤ] ਦੀ ਫਾਹੀ। (ਭਾਵ ਆਤਮਕ ਮੌਤ ਤੋਂ ਹੈ।) ਬਾਚੇ - ਬਚ ਗਏ। ਜੋ – ਜਿਹੜੇ। ਹਰਿ ਸ਼ਰਣ - ਪ੍ਰਭੂ ਦੀ ਓਟ, ਸਹਾਰਾ। ਸਿਧਾਏ - ਚਲੇ ਗਏ।

ਅਰਥ - (ਜਿਸ ਵਾਹਿਗੁਰੂ ਨੇ) ਧਰਤੀ, ਅਸਮਾਨ, ਪਤਾਲ ਆਦਿ ਸਾਰੀ ਰਚਨਾ ਰਚ ਕੇ ਇੱਕ ਤੋਂ ਬੇਅੰਤ ਰੂਪਾਂ ਵਾਲਾ ਸਦਾਇਆ ਹੈ। ਉਸ ਦੀ ਸ਼ਰਣ ਵਿਚ ਜੋ ਪੁਰਸ਼ ਚਲਿਆ ਗਿਆ ਹੈ ਉਸ ਦੀ ਕਦੇ ਵੀ ਆਤਮਕ ਮੌਤ ਨਹੀਂ ਹੁੰਦੀ।

ਭਾਵ - ਸ੍ਰੀ ਦਸ਼ਮੇਸ਼ ਜੀ ਨੇ ਅਕੱਟ, ਅਬਦਲ ਤੇ ਸੱਚੀਆਂ

ਦਲੀਲਾਂ ਦੇ ਕੇ ਸਿੱਧ ਕਰ ਦਿਤਾ ਹੈ ਕਿ ਉਹ ਵਾਹਿਗੁਰੂ ਅਜਨਮਾ ਤੇ ਅਮਰਨਾ ਹੈ । ਫਿਰ ਇਤਨਾ ਸੂਖਮ ਹੈ ਕਿ ਕੋਈ ਵੀ ਰਿਖੀ ਮੁਨੀ ਉਸ ਨੂੰ ਦੇਖ ਨਹੀਂ ਸਕਿਆ । ਇੱਡਾ ਵੱਡਾ ਹੈ ਕਿ ਕੋਈ ਵੀ ਵੇਦ ਆਦਿ ਕਿਤਾਬ ਉਸ ਦਾ ਪਾਰਾਵਾਰ ਨਹੀਂ ਪਾ ਸਕੀ ਭਾਵੇਂ ਅਨੇਕਾਂ ਹੱਠ ਕੀਤੇ । "ਅੰਤਿ ਕਾਰਣ ਕੇਤੇ ਬਿਲ ਲਾਹਿ । ਤਾ ਕੇ ਅੰਤ ਨਾ ਪਾਏ ਜਾਹਿ । ਕਿੰਨੇ ਹੀ ਹੱਦ ਬੰਨਾ ਲੱਭਣ ਵਾਸਤੇ ਤਰਲੇ ਲੈ ਰਹੇ ਸਨ, ਪਰ ਇਸ ਦਾ ਅੰਤ ਨਹੀਂ ਲੈ ਸਕੇ । ਇਸ ਵਿਚਾਰ ਦੇ ਹੁੰਦਿਆਂ ਫਿਰ ਉਸ ਨੂੰ ਮਨੁੱਖ ਜੂਨ ਵਿੱਚ ਆਇਆ ਗਿਣਨਾ ਤਾਂ ਨਿੰਦਾ ਕਰਨਾ ਹੈ । ਇਸ ਨਿੰਦਾ ਤੋਂ ਬਚਾਉਣ ਲਈ ਤੇ ਭੁਲੇਖਾ ਕੱਢਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਕਿੰਨੇ ਸਚਾਈ ਭਰਪੂਰ ਸ਼ਬਦਾਂ ਵਿੱਚ ਉਚਾਰਦੇ ਹਨ । "ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ ਜਨਮਾਸੀ ॥" (ਓ ਭੁਲੇਖੇ ਵਿੱਚ ਪਏ ਹੋਏ ਇਨਸਾਨ ਇਹ ਕਿਵੇਂ ਹੋ ਸਕਦਾ ਹੈ ?) ਕਿ ਰੱਬ ਨੇ ਹੋਰ ਸਾਰੀਆਂ ਤਿੱਥਾਂ (ਤਰੀਕਾਂ) ਤਾਂ ਵੱਖ ਛੱਡ ਦਿਤੀਆਂ ਹਨ ਤੇ ਅੱਠਵੀਂ ਤਰੀਕ ਨੂੰ ਉਸ ਨੇ ਜਨਮ ਲੈ ਲਿਆ ਹੈ । "ਭਰਮਿ ਭੂਲੇ ਨਰ ਕਰਤ ਕਚਰਾਇਣ । ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥" ਓ ਵਹਿਮੀਆਂ ਇਹ ਤਾਂ ਸਭ ਕੱਚੀਆਂ (ਭੁਲੇਖਾ ਪਾਊ) ਗੱਲਾਂ ਹਨ (ਕਿ ਪ੍ਰਭੂ ਨੇ ਕ੍ਰਿਸ਼ਨ ਆਦਿ ਕੋਈ ਦੇਵਤਾ ਜਾਂ ਅਵਤਾਰ ਬਣ ਕੇ ਮਨੁੱਖਾ ਜਨਮ ਧਾਰਿਆ

ਹੈ।) ਭਾਈ ! ਉਹ ਵਾਹਿਗੁਰੂ ਤਾਂ ਅਜਨਮਾ ਹੈ । "ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ ॥" (ਦੇਖ ਭਾਈ) ਤੇਰਾ ਇਹ (ਪੱਥਰ ਮੂਰਤੀ ਨੂੰ ਵਾਹਿਗੁਰੂ ਕਲਪ ਕੇ) ਲੋਰੀ ਦੇਣਾ, ਸਾਰੇ ਗੁਨਾਹਾਂ ਭਰਮਾਂ ਦਾ ਮੁੱਢ ਹੈ । ਮੈਂ ਤਾਂ ਕਹਿੰਦਾ ਹਾਂ (ਸ੍ਰੀ ਗੁਰੂ ਅਰਜਨ ਦੇਵ ਜੀ) ਕਿ ਉਹ ਮੂੰਹ ਅੱਗ ਲੱਗ ਕੇ ਸੜ ਜਾਵੇ ਜਿਹੜਾ ਵਾਹਿਗੁਰੂ ਨੂੰ ਜੂਨਾਂ ਵਿੱਚ ਆਇਆ ਹੋਇਆ ਆਖਦਾ ਹੈ ।

ਰਾਗ ਦੇਵਗੰਧਾਰੀ ਪਾ: ੧੦

ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ,
ਜਾਨਤ ਹੈ ਕਰਤਾਰ ॥੧॥ ਰਹਾਉ ॥

ਚਿਨਾਰ - ਪਛਾਣ । ਸਮਰਥ - ਜੋਗ ।

ਅਰਥ - (ਹੇ ਭਾਈ) ਸਾਡੀ ਉਸ ਇਕ (ਜੋ ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਤੋਂ ਪਹਿਲੇ ਲਿਖ ਕੇ ਸਮਝਾ ਦਿਤਾ ਸੀ) ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਨਾਲ ਜਾਣ ਪਛਾਣ ਨਹੀਂ । ਭਾਵ ਇਕ ਹੀ ਸਾਡਾ ਇਸ਼ਟ ਹੈ । ਫਿਰ ਉਸੇ ਨੂੰ ਹੀ ਅਸੀਂ ਕਰਤਾਰ (ਸਿਰਜਣਹਾਰ) ਮੰਨਦੇ ਹਾਂ, ਕਿਉਂਕਿ (ਜੀਵਾਂ ਦਾ) ਮਾਰਨਾ ਤੇ ਜੀਵਾਲਣਾ ਜਾਂ ਉਤਪੱਤੀ ਤੇ ਸੰਘਾਰ ਉਸੇ ਦੇ ਹੀ ਹੱਥ ਹੈ ।

ਕਹਾਂ ਭਇਓ ਜੋ ਅਤਿ ਹਿਤ ਚਿਤ ਕਰ,
ਬਹੁ ਬਿਧ ਸਿਲਾ ਪੁਜਾਈ ।
ਪਾਨ ਥਕੇ ਪਾਹਨ ਕਹਿ ਪਰਸਤ,
ਕਛੁ ਕਰ ਸਿੱਧਿ ਨ ਆਈ ॥

ਕਹਾਂ ਭਇਓ - ਕੀ ਹੋਇਆ। ਅਤਿ - ਬਹੁਤ ਹੀ । ਹਿਤ - ਪਿਆਰ ਪਰੇਮ। ਚਿਤ - ਮਨ ਲਾ ਕੇ । ਬਹੁ ਬਿਧ - ਕਈ ਢੰਗਾਂ ਨਾਲ । ਸਿਲਾ - ਪੱਥਰ ਦੀ ਮੂਰਤੀ । ਪੁਜਾਈ - ਪੂਜਾ ਕੀਤੀ । ਪਾਨ ਥਕੇ - ਹੱਥ ਥੱਕ ਗਏ । ਪਾਹਨ - ਪੱਥਰ । ਕਹਿ - ਨੂੰ। ਪਰਸਤ - ਛੂਹ ਛੂਹ ਕੇ। ਕਛੁ - ਕੁਝ ਵੀ । ਕਰ - ਹੱਥਾਂ ਬਾਹਾਂ ਵਿੱਚ । ਸਿੱਧਿ - ਕਰਾਮਾਤ ਜਾਂ ਬਲ ਸ਼ਕਤੀ । ਨ ਆਈ - ਨਹੀਂ ਆਈ ।

ਅਰਥ - ਕੀ ਹੋਇਆ (ਜੇ ਤੂੰ) ਕਈ ਢੰਗਾਂ ਨਾਲ (ਕਿਸੇ ਦੇਵੀ ਦੇਵਤੇ ਦੀ) ਪੱਥਰ ਮੂਰਤੀ ਦੀ ਅੱਤ ਹੀ ਪ੍ਰੇਮ ਤੇ ਚਿੱਤ ਲਾ ਕੇ ਪੂਜਾ ਕਰ ਲਈ। (ਪਰ ਤੂੰ ਸੋਚ) ਇਸ ਪੱਥਰ ਨੂੰ ਪੂਜਦਿਆਂ ਹੱਥ ਵੀ ਥੱਕ ਗਏ, ਕੀ ਕੁਝ ਹੱਥਾਂ ਬਾਹਾਂ ਵਿੱਚ ਵਿਸ਼ੇਸ਼ ਸ਼ਕਤੀ[ਆਈ ? ਅਰਥਾਤ ਨਹੀਂ ।

ਅੱਛਤ ਧੂਪ ਦੀਪ ਅਰਪਤ ਹੈ,
ਪਾਹਨ ਕਛੂ ਨ ਖੈ ਹੈ ॥

ਤਾਂ ਮੈਂ ਕਹਾਂ ਸਿੱਧ ਹੈ ਰੇ ਜੜ੍ਹ,
ਤੋਹਿ ਕਛੂ ਬਰ ਦੈ ਹੈ ॥

ਅੱਛਤ - ਉਹ ਸਾਬਤ ਚਾਉਲ ਜੋ ਹਿੰਦੂ ਦੇਵਤੇ ਦੀ ਪੂਜਾ ਵੇਲੇ ਵਰਤਦੇ ਹਨ । ਧੂਪ - ਗੁੱਗਲ, ਖੁਸ਼ਬੂਦਾਰ ਚੀਜਾਂ ਦਾ ਧੂਆਂ । ਦੀਪ - ਦੀਵਾ । ਅਰਪਤ - ਦਿੰਦਾ ਹੈ, ਭੋਗ ਲਵਾਉਂਦਾ ਹੈ । ਪਾਹਨ - ਪੱਥਰ । ਕਛੂ ਨ - ਕੁਝ ਵੀ ਨਹੀਂ । ਖੈ ਹੈ - ਖਾਂਦਾ ਹੈ । ਤਾਂ ਮੈਂ - ਉਸ (ਪੱਥਰ) ਵਿਚ । ਕਹਾਂ ਸਿੱਧ ਹੈ - ਕਿੱਥੇ ਕੋਈ ਤਾਕਤ ਹੈ । ਹੇ ਜੜ੍ਹ - ਹੇ ਬੇ-ਸਮਝ । ਤੋਹਿ - ਤੈਨੂੰ । ਬਰ - ਵਰ, ਅਸੀਸ । ਦੈ ਹੈ - ਦੇਂਵੇ ।

ਅਰਥ - ਹੇ ਬੇ-ਸਮਝ ਪੁਜਾਰੀ ਤੂ ਸਾਬਤ ਚਾਉਲ, ਗੁੱਗਲ ਦਾ ਧੂੰ ਦਿੰਦਾ ਹੈਂ ਤੇ ਜੋਤਾਂ ਦੀਵੇ ਜਗਾਉਂਦਾ ਹੈਂ (ਉਸ ਮੂਰਤੀ ਦੇ ਅੱਗੇ) ਪਰ ਉਹ ਪੱਥਰ ਕੁਝ ਵੀ ਨਹੀਂ ਖਾਂਦਾ ਤੇ ਸੁੰਘਦਾ । (ਫਿਰ ਤੇਰੀ ਅੰਧ ਵਿਸ਼ਵਾਸੀ ਇਹ ਕਿ ਉਸ ਤੋਂ ਵਰ ਮਿਲੇ ।) ਪਰ ਉਸ ਪੱਥਰ ਵਿੱਚ ਕੀ ਸ਼ਕਤੀ ਹੈ ਕਿ ਤੈਨੂੰ ਵਰ ਦੇ ਕੇ (ਨਿਵਾਜ਼) ਦੇਵੇ ਜਾਂ (ਖੁਸ਼ਹਾਲ ਤੇ ਮੁਕਤ) ਕਰ ਦੇਵੇ ।

ਜੌ ਜੀਅ ਹੋਤ ਤੌ ਦੇਤ ਕਛੂ ਤੁਹਿ ਕਰ,
ਮਨ ਬਚ ਕਰਮ ਬਿਚਾਰ ॥

ਕੇਵਲ ਏਕ ਸ਼ਰਣ ਸ੍ਵਾਮੀ ਬਿਨ,
ਯੌ ਨਹਿ ਕਤਹਿ ਉਧਾਰ ॥੧॥

ਜੀਅ - ਜਿੰਦ ਜਾਨ । ਹੋਤ - ਹੁੰਦੀ । ਤੋਂ - ਤਾਂ ਦੇਤ – ਦੇ ਦਿੰਦੀ । ਕਛੁ ਤੁਹਿ ਕਰ – ਕੁਝ ਤੇਰੇ ਹੱਥ ਵਿੱਚ। ਮਨ – ਸੋਚਣ ਸ਼ਕਤੀ ਨਾਲ ਸੋਚ ਵਿਚਾਰ ਬਚ – ਬਾਣੀ, ਬੋਲ ਕੇ । ਕਰਮ – ਕੰਮਾਂ ਰਾਂਹੀ ਸੋਚਾਂ । ਏਕ ਸ਼ਰਣ ਸਵਾਮੀ ਬਿਨ – ਇੱਕ ਵਾਹਿਗੁਰੂ ਦੀ ਓਟ ਤੋਂ ਬਿਨਾਂ । ਯੌ ਨਹਿ ਕਤਹਿ - ਇਸ ਤਰ੍ਹਾਂ ਕਦੇ ਵੀ ਨਹੀਂ ।

ਅਰਥ - {ਹੇ ਪੁਜਾਰੀ ਆਪਣੀਆਂ ਤਿੰਨਾਂ ਸ਼ਕਤੀਆਂ} ਮਨ, ਬਚਨ ਕਰਮ ਨਾਲ ਵਿਚਾਰ ਕਰ ਕੇ ਵੇਖ ਕਿ ਜੇ ਇਹ (ਪੱਥਰ ਮੂਰਤੀ) ਜੀਉਂਦੀ ਹੁੰਦੀ ਤਾਂ ਤੇਰੇ ਹੱਥ ਵਿੱਚ ਕੁਝ ਦਿੰਦੀ, ਪਰ (ਪੱਥਰ ਤੈਨੂੰ ਕੀ ਦੇਵੇ ?) ਇਸ ਲਈ ਇੱਕ ਵਾਹਿਗੁਰੂ ਦੀ ਸ਼ਰਣ ਵਿੱਚ ਆਏ ਤੋਂ ਬਿਨਾਂ ਇਨ੍ਹਾਂ ਢੰਗਾਂ ਨਾਲ ਮੁਕਤੀ ਨਹੀਂ ਮਿਲਣੀ ।

ਭਾਵ - ਇਸੇ ਭਾਵ ਨੂੰ ਭਗਤ ਕਬੀਰ ਜੀ ਨੇ ਵੀ ਕਿੰਨੇ ਸੁਹਣੇ ਤੇ ਗੁੰਦਵੇਂ ਖਿਆਲਾਂ ਨਾਲ ਸੁਲਝਾਇਆ ਹੈ । ਕਿ ਕੋਈ ਸੰਸਾ ਵੀ ਨਹੀਂ ਰਹਿ ਜਾਂਦਾ । ਪੜ੍ਹੋ "ਪਾਤੀ ਤੋਰੈ ਮਿਲਾਨੀ, ਪਾਤੀ ਪਾਤੀ ਜੀਓ ॥" ਵਾਲਾ ਸ਼ਬਦ । ਆਪ ਫੁਰਮਾਉਂਦੇ ਹਨ : "ਏ ਭੁੱਲੀਏ ਮਾਲਣੇ ਨਿਰਜਿੰਦ ਮੂਰਤੀ ਲਈ ਜੀਉਂਦੇ ਪੱਤਰ ਤੋੜ ਕੇ ਭੇਟਾ ਕਰ ਰਹੀ ਹੈ । (ਹੇ ਭੋਲੀਏ ਜਾ ਕੇ ਪੁੱਛ) ਮੇਰੇ ਜੀਉਂਦੇ ਜਾਗਦੇ ਗੁਰਦੇਵ ਕੋਲੋਂ

(ਜੋ ਤੈਨੂੰ ਸਮਝਾ ਦੇਵੇਗਾ,) ਕਿ ਇਹ ਪੱਤੇ ਬ੍ਰਹਮਾ ਰੂਪ, ਟਾਹਣੀਆਂ ਵਿਸ਼ਨੂੰ ਰੂਪ, ਤੇ ਫੁੱਲ ਸ਼ਿਵਜੀ ਰੂਪ ਹਨ। ਇਨ੍ਹਾਂ ਤਿੰਨਾ ਦੇਵਤਿਆਂ ਨੂੰ ਤੋੜ ਮਰੋੜ ਕੇ ਨਸ਼ਟ ਕਰ ਰਹੀ ਹੈਂ ਤੇ ਫਿਰ ਤੂੰ ਆਪ ਹੀ ਸੋਚ ਸੇਵਾ ਕੀਹਦੀ ਕਰਦੀ ਹੈ।

ਰਾਗ ਦੇਵਗੰਧਾਰੀ ਪਾਤਿਸ਼ਾਹੀ ੧੦ (ਦਸਵੀਂ)

ਬਿਨ ਹਰ ਨਾਮ ਨਾ ਬਾਚਨ ਪੈ ਹੈ।
ਚੌਦਹ ਲੋਕ ਜਾਹਿ ਬਸਿ ਕੀਨੇ,
ਤਾਂ ਤੇ ਕਹਾ ਪਲੈ ਹੈ ॥੧॥ ਰਹਾਉ ॥

ਬਾਚਨ ਪੈ ਹੈ - ਬਚ ਸਕੋਗੇ। ਚੌਦਹ ਲੋਕ – ਸੱਤ ਅਕਾਸ਼ ਤੇ ਸੱਤ ਪਤਾਲ। ਤਾਂ ਤੇ – ਉਸ ਤੋਂ, ਉਸ ਮੌਤ ਦੇ ਡਰ ਤੋਂ। ਕਹਾਂ – ਕਿੱਥੇ। ਪਲੈ ਹੈ - ਭੱਜ ਨੱਠ ਕੇ ਜਾਉਗੇ।

ਅਰਥ – (ਹੇ ਭਾਈ) ਵਾਹਿਗੁਰੂ ਦੇ ਨਾਮ ਦੇ ਸਿਮਰਨ ਤੋਂ ਬਿਨਾਂ (ਮੌਤ ਦੇ ਸਹਿਮ) ਤੋਂ ਬਚ ਨਹੀਂ ਸਕੋਗੇ। ਇਸ (ਮੌਤ ਦੇ ਡਰ) ਨੇ ਚੋਦਾਂ ਲੋਕ (ਸਾਰੇ ਵਿਸ਼ਵ) ਨੂੰ ਆਪਣੇ ਡਰ ਦੇ ਕਾਬੂ ਵਿੱਚ ਰੱਖਿਆ ਹੋਇਆ ਹੈ, ਇਸ ਲਈ (ਤੁਸੀਂ) ਦੌੜ ਕੇ ਕਿਥੇ ਜਾਉਗੇ ?

ਰਾਮ ਰਹੀਮ ਉਭਾਰ ਨ ਸਾਕਹਿ,

ਜਾਕਰ ਨਾਮ ਰਟੈ ਹੈ ॥
ਬ੍ਰਹਮਾ ਬਿਸਨੁ ਰੁਦ੍ਰ ਸੂਰਜ ਸਸਿ,
ਤੇ ਬਸਿ ਕਾਲ ਸਬੈ ਹੈ ॥

ਰਾਮ – ਸ੍ਰੀ ਰਾਮ ਚੰਦਰ ਜੀ । ਰਹੀਮ - ਸ੍ਰੀ ਮੁਹੰਮਦ ਜੀ । ਉਭਾਰ - ਬਚਾ । ਨ ਸਾਕਹਿ – ਨਹੀਂ ਸਕਦੇ । ਜਾਕਰ - ਜਿਸ ਦਾ । ਰਟੈ ਹੈ – ਮੁੜ ਮੁੜ, ਕਈ ਵਾਰ ਉਚਾਰਦਾ ਹੈ ।

ਬ੍ਰਹਮਾ - ਸ੍ਰਿਸ਼ਟੀ ਪੈਦਾ ਕਰਨ ਵਾਲਾ ਦੇਵਤਾ ।}
ਬਿਸਨੂੰ – ਸ੍ਰਿਸ਼ਟੀ ਨੂੰ ਪਾਲਣ ਵਾਲਾ ਦੇਵਤਾ ।} ਹਿੰਦੂ ਮੱਤ ਅਨੁਸਾਰ
ਰੁਦਰ – ਸ਼ਿਵ ਸ੍ਰਿਸ਼ਟੀ ਨੂੰ ਲੈਣ (ਮਾਰਨ ਵਾਲਾ ।}

ਸਸਿ - ਚੰਦ ।

ਅਰਥ - (ਹੇ ਭਾਈ) ਜਿੰਨਾਂ ਅਵਤਾਰਾਂ, ਪੈਗੰਬਰਾਂ ਅਤੇ ਦੇਵਤਿਆਂ ਦਾ ਨਾਮ ਤੂੰ ਬਾਰੰ ਬਾਰ ਰਟ ਰਿਹਾ ਹੈ, ਉਹ ਸਾਰੇ ਦੇ ਸਾਰੇ ਮੌਤ ਦੇ ਸਹਿਮ ਵਿਚ ਹਨ । (ਭਾਵ - ਇਸ ਮੌਤ ਦੇ ਡਰ ਤੋਂ ਕੇਵਲ ਪ੍ਰਭੂ ਦਾ ਸਿਮਰਨ ਹੀ ਬਚਾ ਸਕਦਾ ਹੈ । ਇਸ ਹਰੀ ਦੇ ਸਿਮਰਨ ਦੀ ਇੰਨੀ ਸ਼ਕਤੀ ਹੈ ਕਿ ਸਰੀਰਕ ਮੌਤ ਦਾ ਭੈ ਦੂਰ ਹੋ ਜਾਂਦਾ ਹੈ ਆਤਮਕ ਮੌਤ ਤੋਂ ਬਚ ਜਾਈਦਾ ਹੈ ।)

ਬੇਦ ਪੁਰਾਨ, ਕੁਰਾਨ ਸਬੈ ਮਤ,
ਜਾਂ ਕਹਿ ਨੇਤਿ ਕਹੈ ਹੈ ॥

ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ;
ਧਿਆਵਤ ਧਿਆਨ ਨਾ ਐਹੈ ॥

ਬੇਦ - ਵੇਦ, ਹਿੰਦੂ ਧਰਮ ਦੀਆਂ ਚਾਰ ਧਾਰਮਕ ਪੁਸਤਕਾਂ । ਪੁਰਾਨ - ੧੮ ਪੁਰਾਣ, ਮਿਥਿਹਾਸਕ ਕਿਤਾਬਾਂ। ਸਭੈ ਮਤ - ਸਾਰੇ ਮਜ਼੍ਹਬ, ਦਰਸ਼ਨ । ਜਾਂ ਕਹਿ - ਜਿਸ ਨੂੰ । ਨੇਤਿ - ਨ-ਇਤਿ, ਬੇਅੰਤ । ਕਹੇ ਹੈ - ਕਹਿੰਦੇ ਹਨ। ਇੰਦ੍ਰ - ਸੁਰਗਾ ਪਤੀ। ਫਨਿੰਦ੍ਰ - ਸ਼ੇਸ਼ ਨਾਗ। ਮੁਨਿੰਦ੍ਰ - ਵੱਡਾ ਮੁਨੀ । ਕਲਪ - ਚਾਰ ਅਰਬ ਬੱਤੀ ਕਰੋੜ ਸਾਲਾਂ ਦਾ ਸਮਾਂ, ਬ੍ਰਹਮਾਂ ਦਾ ਇਕ ਦਿਨ । ਕੁਰਾਨ - ਮੁਸਲਮਾਨਾਂ ਦੀ ਧਰਮ ਪੁਸਤਕ ।

ਅਰਥ - (ਹੇ ਭਾਈ ਵੇਖ ! ਉਸ ਨਿਰਾਕਾਰ ਨੂੰ) ਸਾਰੇ ਧਰਮਾਂ [ਮਜ਼ਹਬਾਂ] ਦੀਆਂ ਧਾਰਮਕ ਪੁਸਤਕਾਂ ਬੇਅੰਤ ਨ ਕਹਿ ਕੇ ਰਟ ਰਹੀਆਂ ਹਨ ਤੇ ਇੰਦ੍ਰ, ਸ਼ੇਸ਼ ਨਾਗ [ਹਿੰਦੂਮੱਤ] ਅਨੁਸਾਰ ਸ਼ੇਸ਼ ਨਾਗ {ਆਪਣੇ ਹਜ਼ਾਰ ਫਨਾਂ [ਸਿਰਾਂ] ਨਾਲ ਵਿਸ਼ਨੂੰ ਦਾ ਨਾਂ ਲੈਣ ਤੇ ਉਸ ਉਤੇ ਛਾਂ ਕਰਨ ਵਾਲਾ ਸੱਪ} ਅਤੇ ਵੱਡੇ ਮੁਨੀ ਉਸ ਦਾ ਨਾਂ ਜਪ ਰਹੇ ਹਨ ਪਰ ਅਜੇ ਤਕ ਵੀ ਦਰਸ਼ਨ ਨਸੀਬ ਨਹੀਂ ਹੋਏ ।

ਜਾਕਰ ਰੂਪ ਰੰਗ ਨਹਿ ਜਨਿਅਤ,
ਸੋ ਕਿਮ ਸਿਆਮ ਕਹੈ ਹੈ ॥

ਛੁਟਹੋ ਕਾਲ ਜਾਲ ਤੇ ਤਬ ਹੀ,
ਤਾਹਿ ਚਰਨ ਲਪਟੈ ਹੈ ॥10॥

ਜਾਕਰ- ਜਿਸ ਪ੍ਰਭੂ ਦਾ । ਕਿਮ - ਕਿਵੇਂ । ਸਿਆਮ - ਸ੍ਰੀ ਕ੍ਰਿਸ਼ਨ । ਕਹੈ ਹੈ - ਕਹਾ ਸਕਦਾ ਹੈ । ਛੁਟ ਹੋ – ਛੁਟਕਾਰਾ ਪਾਉਗੇ । ਕਾਲ ਜਾਲ - ਮੌਤ ਦੀ ਫਾਹੀ, [ਆਤਮਕ ਮੌਤ ਦੀ ਫਾਹੀ] । ਤਾਹਿ - ਉਸ [ਪ੍ਰਭੂ] ਦੇ । ਲਪਟੈ ਹੈ - ਨਾਲ ਲੱਗ ਕੇ, ਸਹਾਰਾ ਤੱਕ ਕੇ।

ਅਰਥ - [ਹੇ ਭਾਈ] ਜਿਸ ਪ੍ਰਭੂ ਦਾ ਚਿਹਨ ਚੱਕਰ ਹੀ ਨਹੀਂ । [ਜੋ ਨਿਰਾਕਾਰ] ਜਾਣਿਆ ਜਾਂਦਾ ਹੈ, ਅਜਿਹੇ ਰੂਪ ਵਾਲਾ ਪ੍ਰਭੂ [ਸਰੀਰ ਧਾਰੀ ਹੋ ਕੇ] ਕ੍ਰਿਸ਼ਨ ਕਿਵੇਂ ਅਖਵਾ ਸਕਦਾ ਹੈ ? (ਅਸਲ ਗੱਲ ਤਾਂ ਇਹ ਹੈ) ਕਿ ਕਾਲ [ਆਤਮਕ ਮੌਤ] ਦੀ ਫਾਹੀ ਤੋਂ ਤਾਂ ਹੀ ਛੁਟਕਾਰਾ ਪਾ ਸਕਦੇ ਹੋ ਜੇ ਉਸ [ਨਿਰਾਕਰ ਪ੍ਰਭੂ] ਦੀ ਸ਼ਰਨ ਵਿਚ ਆ ਜਾਓ ।

ਭਾਵ - ਸ੍ਰੀ ਦਸ਼ਮੇਸ਼ ਜੀ ਨੇ 'ਜਾਪ' ਦੇ ਅਰੰਭ ਵਿਚ ਜੋ ਸਿਧਾਂਤ ਦ੍ਰਿੜਾਇਆ ਹੈ ਕਿ "ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤਿ ਨਹਿਨ ਜਾਹਿ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥" ਜਿਸ ਪ੍ਰਭੂ ਦੀ ਜਾਤ ਪਾਤ ਆਦਿ ਦੀ

ਨਿਸ਼ਾਨੀ ਜਾਂ ਚਿੰਨ੍ਹ ਕੋਈ ਕਹਿ ਹੀ ਨਹੀਂ ਸਕਦਾ ਤਦ ਉਸ ਨੂੰ ਦੇਹ ਧਾਰੀ ਕਿਵੇਂ ਮੰਨਿਆ ਜਾ ਸਕਦਾ ਹੈ, ਫਿਰ ਉਸ ਤੋਂ ਬਿਨਾਂ ਸਭ ਪੀਰ ਪੈਗੰਬਰ ਕਾਲ ਦੇ ਸਹਿਮ ਵਿਚ ਬੰਨ੍ਹੇ ਹੋਏ ਹਨ, ਕੇਵਲ ਉਹੀ 'ਨਿਰਭਉ' ਤੇ 'ਅਜੂਨੀ' ਹੈ, ਹੋਰ ਕੋਈ ਨਹੀਂ।

ਸ਼ਬਦ ਹਜ਼ਾਰੇ ਸਟੀਕ ਸਮਾਪਤ



ਉੱਤਰ

ਇਕ ਪ੍ਰਸਿੱਧ ਸੱਜਣ ਵੱਲੋਂ ਦਸ ਸਵਈਆਂ ਦੇ ਕਮੇਟੀ ਵਲੋਂ ਪ੍ਰਕਾਸ਼ਤ ਕੀਤੇ ਗਏ ਟੀਕੇ ਦੇ ਕੁਝ ਕੁ ਸ਼ਬਦਾਂ ਦੇ ਅਰਥਾਂ ਬਾਬਤ ਆਪਣੇ ਖਿਆਲ ਵੱਖਰੇ ਦਰਸਾਏ ਗਏ ਹਨ, ਪਰ ਡੂੰਘੀ ਵਿਚਾਰ ਕਰਨ ਤੋਂ ਉਹ ਅਰਥ ਸਾਨੂੰ ਨਹੀਂ ਜਚੇ, ਇਸ ਲਈ ਹੇਠ ਲਿਖਿਆ ਉਤਰ ਪਾਠਕ ਜਨ ਪੜ੍ਹ ਕੇ ਆਪਹੀ ਵਿਚਾਰ ਕਰ ਲੈਣ!

(੧) ਆਪ ਜੀ ਲਿਖਦੇ ਹਨ - 'ਅਕੇਲਾ' ਪੰਜਾਬੀ ਦਾ ਕੋਈ ਸ਼ਬਦ ਨਹੀਂ।

ਇਹ ਗੱਲ ਗਲਤ ਹੈ ਕਿ 'ਅਕੇਲਾ' ਪੰਜਾਬੀ ਦਾ ਕੋਈ

ਸ਼ਬਦ ਨਹੀਂ। ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੬੫੪ ਤੇ ਤੇ ਸੋਰਠ ਕਬੀਰ ਜੀ "ਮਰਘਟ ਲਉ ਸਭੁ ਲੋਗ ਕੁਟੰਬ ਭਇਓ ਆਗੈ ਹੰਸ 'ਅਕੇਲਾ'॥

ਵੇਖੋ - (ਕ੍ਰਿਸ਼ਨਾਵਤਾਰ ਪਾ: ੧੦ ਵੀਂ) 'ਜਬ ਘਾਤ ਬਨੀ' ਸੁਭ ਠੌਰ ਅਕੇਰੋ॥ ਅਕੇਰੋ - ਅਕੇਲੇ।

ਖੁਦ ਭਾ: ਗੁਰਦਾਸ ਜੀ ਵੀ ਇਸ 'ਅਕੇਲੇ' ਸ਼ਬਦ ਦਾ ਪ੍ਰਯੋਗ ਇੰਦ ਕਰਦੇ ਹਨ - 'ਅਨਿਕ ਰੂਪ ਧਰ ਪ੍ਰਗਟਾਇਆ, ਹੈ ਏਕ 'ਅਕੇਲਾ'॥ (ਵਾਰ ੩੪ ਵੀ ਸਫਾ ੬੭੮)

ਇਸ ਤੋਂ ਸਿੱਧ ਹੋਇਆ ਕਿ ਪੰਜਾਬੀ ਵਿੱਚ ਇਸ ਸ਼ਬਦ ਦੇ ਦੋਵੇਂ ਰੂਪ ਤਤਸਮ 'ਇਕੇਲਾ' ਅਤੇ ਤਦਭਵ 'ਅਕੇਲਾ'। ਪ੍ਰਚਲਤ ਹਨ।

(੨) ਦੂਜਾ ਸ਼ਬਦ 'ਨਹਾਰ' ਦਾ ਅਰਥ ਮਹਾਨਕੋਸ਼ ਪੰਨਾ ੫੦੭ ਤੇ ਵੇਖੋ ਨੰ: ੨ ਫ਼ਾ ਫਾਕਾ, ਨ-ਅਹਾਰ।

੩. ਆਪ ਨੇ ਲਿਖਿਆ ਹੈ ਕਿ 'ਪੋਖਤਾ' ਦਾ ਅਰਥ ਪਾਲਣਾ ਹੈ 'ਭਰਦਾ ਹੈ' ਨਹੀਂ ਹੋ ਸਕਦਾ, - ਇਸ ਸ਼ਬਦ ਦੇ ਅਰਥ ਮਹਾਨਕੋਸ਼ ਪੰਨਾ ੭੪੩ ਤੇ ਦੇਖੋ ਦੋਵੇਂ ਅਰਥ ਹਨ - ਭਰਦਾ ਪੂਰਦਾ ਤੇ ਪਾਲਦਾ ਹੈ, ਦਾ ਭਾਵ ਇਕੋ ਹੈ।

ਪ੍ਰੋ: ਸਾਹਿਬ ਸਿੰਘ ਜੀ ਦਾ ਓਅੰਕਾਰ ਦਾ ਟੀਕਾ ਪੜ੍ਹੋ - 'ਸਰ ਭਰਿ ਸੋਖੇ ਭੀ ਭਰ 'ਪੋਖੇ' ਸਮਰਥ ਵੇਪਰਵਾਹੇ॥'
ਪੋਖੇ - ਨਕਾ ਨਕ ਭਰਦਾ ਹੈ।

੪. ਅੱਗੇ ਆਪ 'ਦੇਸ ਫਿਰਿਓ ਕਰ ਭੇਸ ਤਪੋ ਧਨ ਕੇਸ ਧਰੇ ਨਾ ਮਿਲੇ ਹਰਿ ਪਿਆਰੇ॥' ਦੀ ਥਾਂ 'ਧਨ ਕੇ ਸਧਰੇ'' ਪਾਠ ਦੇ ਹੱਕ ਵਿਚ ਲਿਖਦੇ ਹਨ' ਪ੍ਰੰਤੂ ਇਸ 'ਧਨ ਕੇ ਸਧਰੇ' ਪਾਠ ਦਾ ਖੰਡਨ ਭਾ: ਸ: ਭ: ਕਾਨ੍ਹ ਸਿੰਘ ਜੀ ਨਾਭਾ ਦਾ 'ਗੁਰਮਤਿ ਸੁਧਾਕਰ' ਦੇ ਪੰਨਾ ੩੨ ਤੇ ਪੜ੍ਹੋ, – ਉਹ ਲਿਖਦੇ ਹਨ –

''ਸ਼ਬਦ ਅਰਥ – ਤਪੋਧਨ – ਰਿਸ਼ੀ ਜਿਸ ਨੇ ਤਪ ਨੂੰ ਹੀ ਧਨ ਸਮਝਿਆ ਹੈ। ਕੇਸ ਧਰੇ – ਜਟਾਂ ਆਦਿਕ ਬਣਾਉਟੀ ਕੇਸ ਧਾਰਣ ਕਰਨ ਤੋਂ। ਦੇਹ ਦਾ ਅੰਗ ਰੂਪ ਜੋ ਕੇਸ ਹਨ, ਉਨ੍ਹਾਂ ਵਾਸਤੇ 'ਧਰੇ' ਪਦ ਨਹੀਂ ਬਣ ਸਕਦਾ। ਸਿਧਾਂਤ ਵਿਚਾਰੀਏ ਤਾਂ ਏਥੇ ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਕੇਵਲ ਚਿੰਨ੍ਹ ਵਾਹਿਗੁਰੂ ਦੀ ਪ੍ਰਾਪਤੀ ਦਾ ਕਾਰਣ ਨਹੀਂ,.........।'

ਨੋਟ – ਸ-ਵਿਸਥਾਰ ਉਤਰ ਵੀ ਲਿਖਿਆ ਗਿਆ ਹੈ। ਜਿਸ ਵਿੱਚ ਇਸ ਸੱਜਣ ਵਲੋਂ ਕੀਤੇ ਗਏ 'ਦਸ ਵਾਰਾਂ' ਦੇ ਟੀਕੇ ਵਿਚ ਅਨੇਕਾਂ ਗਲਤੀਆਂ ਤੇ ਅਸ਼ੁਧੀਆਂ ਦਰਸਾਈਆਂ ਗਈਆਂ ਹਨ। ਜੇ ਕਾਰਜ ਸਾਧਕ ਕਮੇਟੀ ਦੀ ਇਜਾਜ਼ਤ ਹੋਵੇਗੀ ਤਾਂ ਛਾਪਿਆ ਜਾ ਸਕਦਾ ਹੈ।

(ਟੀਕਾ ਕਾਰ)

   

ਧੰਨਵਾਦ



ਕਾਰਜ ਸਾਧਕ ਕਮੇਟੀ, ਸ੍ਰੀ ਮਾਨ ਬਚਿੱਤਰ ਸਿੰਘ ਜੀ ਗਿਆਨੀ, ਪਿੰਡ ਭਗਤਾ ਭਾਈ ਕਾ, ਹਾਲ ਗੁਰਦੁਆਰਾ ਸਾਹਿਬ ਤਤ ਖਾਲਸਾ ਦੀਵਾਨ ਸਲੇਂਗੋਰ ਕੁਆਲਾ ਲੰਪੁਰ ਦਾ ਬਹੁਤ ਬਹੁਤ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਬੜੀ ਮਿਹਨਤ ਅਤੇ ਖੋਜ ਦੁਆਰਾ ਦਸਮੇਸ਼ ਗੁਰੂ ਸਾਹਿਬ ਦੀ ਰਚਿਤ ਬਾਣੀ, ਪਹਿਲਾਂ 'ਸਵਈਏ' ਤੇ ਹੁਣ 'ਸ਼ਬਦ ਹਜ਼ਾਰੇ' ਦਾ ਟੀਕਾ ਕਰਕੇ ਬਿਨਾਂ ਕਿਸੇ ਇਵਜ਼ਾਨੇ ਦੇ ਕਮੇਟੀ ਨੂੰ ਸੌਂਪਿਆ ਹੈ। ਗਿਆਨੀ ਜੀ ਹੋਰਾਂ ਦੇ ਇਨ੍ਹਾਂ ਯਤਨਾਂ ਕਰਕੇ ਹੀ ਕਮੇਟੀ ਇਨ੍ਹਾਂ ਟੀਕਿਆਂ ਨੂੰ ਕਿਤਾਬੀ ਸ਼ਕਲ ਦੇ ਸਕੀ ਹੈ। ਅਜ ਇਹ ਟੀਕੇ ਸੰਗਤਾਂ ਦੇ ਹੱਥਾਂ ਵਿਚ ਹਨ ਜਿਸ ਕਰਕੇ ਆਮ ਸਿੱਖ ਸੰਗਤਾਂ, ਟੀਕੇ ਦੁਆਰਾ ਇਨ੍ਹਾਂ ਕਠਨ ਬਾਣੀਆਂ ਦੇ ਅਰਥਾਂ ਨੂੰ ਸਮਝ ਕੇ, ਅਵੱਸ਼ ਹੀ ਲਾਹਾ ਪ੍ਰਾਪਤ ਕਰਕੇ ਆਪਣਾ ਜੀਵਨ ਸਫਲ ਕਰਨਗੀਆਂ।

ਪਰਧਾਨ
ਕਾਰਜ ਸਾਧਕ ਕਮੇਟੀ
੩੦੦ ਸਾਲਾ ਦਸਮੇਸ਼ ਪ੍ਰਕਾਸ਼ ਉਤਸਵ
ਮਲੇਸ਼ੀਆ ਤੇ ਸਿੰਘਾਪੁਰ



ਸਟੀਕ ਹਿਤ ਦਾਨ

ਪਹਿਲੇ ਸਟੀਕ ਤੋਂ ਪਿਛੋਂ ਆਈ ਮਾਇਆ ਦਾ ਵੇਰਵਾ

ਜੋਗਿੰਦਰ ਸਿੰਘ ਟੇਲਰ ਮਾਸਟਰ ਜੋਹਰ	–	੨੫ ਡਾਲੇ
ਸ: ਸੱਜਣ ਸਿੰਘ ਪੱਕਾ	-	੨੫ ”
ਸ: ਬਚਨ ਸਿੰਘ ਰੂਮੀ	-	੨੫ ”
ਗੁਰਦੁਆਰਾ ਸਾਹਿਬ ਮੈਨਦੁਆਬ	-	੨੫ ”
ਗੁਰਦੁਆਰਾ ” ”	–	੨੫ ”
ਗਿਆਨੀ ਬਲਦੇਵ ਸਿੰਘ	-	੨੫ ”
ਭਾਈ ਅਮਰ ਸਿੰਘ ਦਾਸ	–	੧੦੦ ”
ਸ: ਕਸ਼ਮੀਰਾਂ ਸਿੰਘ	-	੨੫ ”
ਗੁਰਦੁਆਰਾ ਬਾਤੰਗ ਬਰੰਤੇ	-	੨੫ ”
” ਕਾਜੰਗ	-	੨੫ ”
ਹੌਲਦਾਰ ਹਰਭਜਨ ਸਿੰਘ ਫੱਲੇ ਵਾਲ	-	੨੫ ”
ਗੁਰਦੁਆਰਾ ਕਮੇਟੀ ਜੋਹਰ ਬਾਰੂ	-	੨੫ ”
ਗਿਆਨੀ ਗੁਰਦਿਤ ਸਿੰਘ ਜੀ ਘਾਲੀ	-	੨੫ ”
ਹੌਲਦਾਰ ਕੇਹਰ ਸਿੰਘ ਜੀ ਮੁਆਰ	-	੨੫ ”
ਗੁਰੂ ਨਾਨਕ ਗੁਰਦੁਆਰਾ ਪਤਾਲਿੰਗ ਜਾਇਆ	–	੨੫ ”
ਡਾਕਟਰ ਕੇਸ਼ਮਹਿੰਦਰ ਸਿੰਘ ਸਪੁੱਤਰ ਸਃ ਜੁਝਾਰ ਪਾਖਰ ਸਿੰਘ	-	੨੫ ”
ਗੁਰਦੁਆਰਾ ਬਾਤੂ ਪਾਹਟ	-	੨੫ ”
ਸ: ਜਾਗੀਰ ਸਿੰਘ ਰਾਹੀਆ ਈਪੂ ਰੋਡ	-	੧੦ ”
ਬਾਬਾ ਸੋਹਣ ਸਿੰਘ ਬਾਤੂ ਕੇਵ	–	੨੫ ”



Srur Printers K.L.